# ਕਹਿ ਕਬੀਰ
# ਮੋਹਿ ਬਿਆਹਿ ਚਲੇ ਹੈ !

## ਵਿਆਹ ਕਰਵਾਉਣ ਤੋਂ ਪਹਿਲੋਂ, ਆਪਾਂ ਇਹਨਾਂ ਗੱਲਾਂ ਬਾਰੇ ਵਿਚਾਰੀਏ!



ਠਾਕੁਰ ਦਲੀਪ ਸਿੰਘ

# ਕਹਿ ਕਬੀਰ ਮੋਹਿ ਬਿਆਹਿ ਚਲੇ ਹੈ।

ਠਾਕੁਰ ਦਲੀਪ ਸਿੰਘ ਜੀ ਦੀ ਲਿਖੀ

**ਸੁਖੀ ਜੀਵਨ ਜਿਉਣ ਲਈ ਸਰਵੋਤਮ ਪੁਸਤਕ।**

ਇਹ ਪੁਸਤਕ ਵਿਆਹ ਸਬੰਧੀ ਤੁਹਾਡੀ ਸੋਚ ਪਲਟ ਕੇ
ਤੁਹਾਡਾ ਜੀਵਨ ਅਤਿਅੰਤ ਸੁਖਮਈ ਬਣਾ ਦੇਵੇਗੀ।
ਸਰਲ ਸ਼ਬਦਾਂ ਵਿੱਚ, ਐਸੀ ਦੁਰਲਭ ਜਾਣਕਾਰੀ ਨਾਲ
ਭਰਪੂਰ ਸਿੱਖਿਆ; ਹੋਰ ਕਿਤੇ ਨਹੀਂ ਲੱਭੇਗੀ।
ਇਹ ਪੁਸਤਕ ਤੁਹਾਡਾ ਜੀਵਨ ਬਦਲ ਦੇਵੇਗੀ।

**...ਸਵਰਨਜੀਤ ਸਵੀ**

(ਮਹਾਨ ਕਵੀ ਅਤੇ ਮਹਾਨ ਚਿੱਤਰਕਾਰ)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥



# ਲੇਖਕ: ਠਾਕੁਰ ਦਲੀਪ ਸਿੰਘ

Copyright © 2024 by Thakur Dalip Singh

Email: info@namdhari-sikhs.com
Website: www.namdhari-sikhs.com
Contact: +91 9650066108, +91 9023150008

ਯੁਵਾ ਪੀੜੀ ਵਾਲਿਓ!
ਵਿਆਹ ਕਰਵਾਉਣ ਤੋਂ ਪਹਿਲੋਂ,
ਇਸ ਪੁਸਤਕ ਨੂੰ ਜਰੂਰ ਪੜ੍ਹੋ।
ਆਪਣੇ ਮਾਤਾ ਪਿਤਾ ਨੂੰ ਵੀ
ਪੜ੍ਹਾਓ। ਜਿਨ੍ਹਾਂ ਦੇ ਵਿਆਹ ਹੋ
ਗਏ ਹਨ; ਉਹ ਵੀ ਇਸ ਪੁਸਤਕ
ਨੂੰ ਅਵਸ਼ਯ ਪੜ੍ਹਨ; ਉਹਨਾਂ ਨੂੰ ਵੀ
ਲਾਭ ਹੋਵੇਗਾ। ਇਹ ਪੁਸਤਕ
ਤੁਹਾਡੀ ਸੋਚ ਪਲਟ ਕੇ, ਜੀਵਨ
ਸੁਖੀ ਕਰ ਦੇਵੇਗੀ।

# ਮੁੱਖ ਅੰਸ਼


1. ਮੁੱਖ ਬੰਦ 7
2. ਅਸਲੀ ਦੰਪਤੀ ਕਿਹੜੀ ਹੁੰਦੀ ਹੈ? 11
3. ਵਿਆਹ ਸੰਬੰਧੀ ਵਿਚਾਰ ਕਰਨਾ ਕਿਉਂ ਜਰੂਰੀ ਹੈ? 15
4. ਪ੍ਰੇਮ ਅਤੇ ਵਿਆਹ ਵਿੱਚ ਅੰਤਰ 17
5. ਵਿਆਹ ਕਿਉਂ ਕਰਵਾਉਣਾ ਹੈ? 21
6. ਵਿਆਹ ਦਾ ਅਰਥ ਕੀ ਹੈ? 26
7. ਵਿਆਹ ਕਰਵਾਉਣ ਤੋਂ ਪਹਿਲੋਂ ਸੁਖੀ ਜੀਵਨ ਜਿਉਣ ਦੀ ਜਾਚ ਸਿੱਖੋ 31
8. ਰੋਣ ਦਿਓ, ਮਨ ਹਲਕਾ ਕਰਨ ਦਿਓ! 38
9. ਵਿਆਹ ਇੱਕ ਸਮਝੌਤਾ ਹੈ। 41
10. ਵਿਆਹ ਸੰਬੰਧੀ ਖਰਚਿਆਂ ਬਾਰੇ ਵਿਚਾਰੋ। 43
11. ਪ੍ਰੇਮ ਵਿਆਹ 51
12. ਵਿਆਹ ਤੋਂ ਪਹਿਲਾਂ ਸੁਭਾਅ ਜਾਣੋ। 55
13. ਵਿਆਹ ਤੋਂ ਪਹਿਲਾਂ ਕੁਆਰੇ ਰਹੋ। 56
14. ਲੜਕੇ ਦੇ ਕੁਝ ਜਰੂਰੀ ਕਰਤੱਵ। 59
15. ਪਰਿਵਾਰਿਕ ਚਾਲਾਂ ਤੋਂ ਸਾਵਧਾਨ ਕਿਵੇਂ ਰਹਿਣਾ ਹੈ? 64

16. ਜਵਾਈ ਦੇ ਕਰਤੱਵ 68
17. ਵਿਆਹ ਤੋਂ ਪਹਿਲੋਂ ਲੈਣ ਯੋਗ ਨਿਰਣੇ। 69
18. ਧੋਖੇ ਸਮੇਂ ਕਿਵੇਂ ਸੰਭਲਣਾ ਹੈ? 71
19. ਅਤਿਅੰਤ ਵਿਸ਼ੇਸ਼ 74
20. ਸਹਿਮਤ ਹੋਣ ਦੀ ਜਾਚ ਸਿੱਖੋ। 77
21. ਬੱਚੇ ਬਣਾਉਣ ਤੋਂ ਪਹਿਲਾਂ ਵਿਚਾਰੋ। 79
22. ਬੱਚੇ ਹੋਣ ਉਪਰੰਤ। 82
23. ਤਲਾਕ ਤੱਕ ਨੌਬਤ ਪਹੁੰਚਣ ਦਾ ਕਾਰਨ ਕੀ ਹੈ? 93
24. ਤਲਾਕ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਵਿਚਾਰੋ। 95
25. ਪੁਸਤਕ ਦਾ ਤੱਤ। 102

# ਮੁੱਖ ਬੰਦ

ਇਸਤਰੀ ਅਤੇ ਪੁਰਸ਼ ਦੇ ਇੱਕ-ਦੂਸਰੇ ਪ੍ਰਤੀ ਆਕਰਸ਼ਣ ਨੂੰ ਪ੍ਰਕਿਰਤੀ ਨੇ ਹੀ ਸਿਰਜਿਆ ਹੈ। ਉਸੇ ਆਕਰਸ਼ਣ ਨੂੰ ਆਧਾਰ ਬਣਾ ਕੇ, ਹਰ ਮਨੁੱਖ ਨੂੰ ਸੁਖੀ ਰੱਖਣ ਵਾਸਤੇ; ਪੁਰਾਤਨ ਸਮੇਂ ਵਿੱਚ ਮਹਾਨ ਵਿਦਵਾਨਾਂ ਨੇ ਇਸਤਰੀ ਪੁਰਸ਼ ਨੂੰ ਇਕੱਠਿਆਂ ਕੀਤਾ। ਉਹਨਾਂ ਦੋਹਾਂ ਦਾ ਜੀਵਨ ਸੁਖੀ ਚਲਾਉਣ ਵਾਸਤੇ, ਵਿਆਹ ਦੀ ਰਸਮ ਅਤੇ ਵਿਆਹ ਦਾ ਪਵਿੱਤਰ ਬੰਧਨ ਵੀ ਬਣਾ ਦਿੱਤਾ। ਵਿਆਹ ਸ਼ਾਦੀ ਦੀ ਪਰੰਪਰਾ ਅਤਿਅੰਤ ਪੁਰਾਣੀ ਹੈ। ਭਾਰਤ ਵਿੱਚ ਇਸ ਨੂੰ ਪਵਿੱਤਰ ਬੰਧਨ ਵੀ ਮੰਨਿਆ ਜਾਂਦਾ ਹੈ। ਇਹ ਬੰਧਨ, ਦੋ ਮਨੁੱਖਾਂ ਨੂੰ ਜੋੜ ਕੇ ਜੀਵਨ ਸਾਥੀ ਬਣਾ ਕੇ ਇਕ ਪਰਿਵਾਰ ਦਾ ਰੂਪ ਦਿੰਦਾ ਹੈ। ਫਿਰ ਕਈ ਪਰਿਵਾਰਾਂ ਨੂੰ ਮਿਲਾ ਕੇ ਸਮਾਜ ਬਣਾਉਂਦਾ ਹੈ ਅਤੇ ਸਮਾਜ ਬਣ ਕੇ ਹੀ ਮਨੁੱਖ ਦਾ ਜੀਵਨ ਸੁਖੀ ਚਲ ਸਕਦਾ ਹੈ। ਸਮਾਜ ਦੇ ਵਿੱਚ ਰਹਿ ਕੇ ਹੀ, ਮੇਲ ਮਿਲਾਪ ਨਾਲ ਮਨੁੱਖ ਨੇ ਅੱਜ ਤੱਕ ਪ੍ਰਗਤੀ ਕੀਤੀ ਹੈ ਅਤੇ ਅੱਗੋਂ ਵੀ ਕਰ ਸਕਦਾ ਹੈ। ਪਰਿਵਾਰਾਂ ਦੇ ਟੁੱਟਣ ਨਾਲ ਸਮਾਜ

ਟੁੱਟਦਾ ਹੈ ਅਤੇ ਸਮਾਜ ਵਿਰੋਧੀ ਤੱਤ ਪੈਦਾ ਹੋ ਜਾਂਦੇ ਹਨ।

ਵਿਆਹ ਦੀ ਪਵਿੱਤਰ ਰਸਮ ਅਤੇ ਬੰਧਨ ਦੇ ਵਿੱਚ ਪਤੀ ਪਤਨੀ ਦੋਵਾਂ ਨੂੰ ਸੁਖ ਮਿਲਣਾ ਚਾਹੀਦਾ ਹੈ। ਵਿਆਹ ਦੀ ਸੱਚਾਈ ਤੋਂ ਅਣਜਾਣ ਹੋਣ ਕਾਰਨ, ਅਗਿਆਨਤਾ ਵੱਸ; ਉਸ ਪਵਿੱਤਰ ਬੰਧਨ ਵਿੱਚ ਬੱਝੇ ਹੋਏ ਬਹੁਤੇ ਪਤੀ ਪਤਨੀ, ਆਪਣੇ ਵਿਆਹੁਕ ਜੀਵਨ ਵਿੱਚ ਸੁਖ ਦੀ ਬਜਾਏ, ਦੁੱਖ ਹੀ ਭੋਗਦੇ ਹਨ। ਕਿਉਂਕਿ, ਉਹ ਆਪਸ ਵਿੱਚ ਸਦਾ ਹੀ ਲੜਦੇ ਝਗੜਦੇ ਰਹਿੰਦੇ ਹਨ। ਉਹਨਾਂ ਝਗੜਿਆਂ ਕਾਰਨ ਉਸ ਦੰਪਤੀ ਦਾ ਜੀਵਨ ਅਤਿਅੰਤ ਦੁੱਖ ਭਰਿਆ ਹੋ ਜਾਂਦਾ ਹੈ। ਜਿਸ ਕਰਕੇ ਕਈ ਵਾਰੀ ਕੋਈ ਆਤਮ ਘਾਤ ਵੀ ਕਰ ਲੈਂਦਾ ਹੈ, ਨਹੀਂ ਤਾਂ ਰੋਂਦੇ ਧੋਂਦੇ ਹੀ ਜੀਵਨ ਗੁਜ਼ਾਰਦੇ ਹਨ।

ਸਮਾਜਿਕ ਦਬਾਵ ਅਤੇ ਰਵਾਇਤਾਂ ਕਾਰਨ, ਬਹੁਤ ਸਾਰੇ ਜੋੜੇ ਚਾਹੁੰਦੇ ਹੋਏ ਵੀ ਵੱਖ ਨਹੀਂ ਹੋ ਸਕਦੇ, ਅਤੇ ਇਸ ਤਰ੍ਹਾਂ ਉਹ ਇਕ ਦੁੱਖ ਭਰੀ, ਅਣਚਾਹੀ ਜ਼ਿੰਦਗੀ ਜੀਉਣ 'ਤੇ ਮਜਬੂਰ ਹੋ ਜਾਂਦੇ ਹਨ। ਪਤੀ ਪਤਨੀ ਦੀ ਦੰਪਤੀ ਤੋਂ ਬਣਿਆ ਪਰਿਵਾਰ; ਸਮਾਜ ਦਾ ਇੱਕ ਸਤੰਭ ਹੈ। ਇਸ ਤੋਂ ਬਿਨਾਂ ਸਮਾਜ ਦਾ ਸਥਿਰ ਰਹਿਣਾ ਅਸੰਭਵ ਹੈ। ਜਦੋਂ ਦੰਪਤੀ ਟੁੱਟਦੀ ਹੈ, ਤਾਂ ਪਰਿਵਾਰ ਟੁੱਟਦਾ

ਹੈ: ਪਰਿਵਾਰ ਟੁੱਟਦਾ ਹੈ ਤਾਂ ਸਮਾਜ ਵੀ ਟੁੱਟਦਾ ਹੈ। ਟੁੱਟਦੇ ਪਰਿਵਾਰ ਨੂੰ ਵੇਖ ਕੇ, ਤਲਾਕਾਂ ਰਾਹੀਂ ਸਮਾਜ ਦਾ ਸਾਰਾ ਢਾਂਚਾ ਲੜਖੜਾਉਂਦਾ ਵੇਖ ਕੇ: ਮੇਰੇ ਮਨ ਵਿੱਚ ਉਸ ਦਾ ਕਾਰਨ ਅਤੇ ਨਿਵਾਰਨ ਜਾਨਣ ਦੀ ਇੱਛਾ ਹੋਈ। ਜਿਸ ਕਾਰਨ ਇਹ ਲੇਖ ਲਿਖਣਾ ਆਰੰਭ ਹੋਇਆ, ਜੋ ਹੌਲੀ ਹੌਲੀ ਪੁਸਤਕ ਦਾ ਰੂਪ ਲੈ ਗਿਆ। ਜੋ ਕਾਰਨ ਲੱਭਿਆ ਅਤੇ ਜੋ ਨਿਵਾਰਨ ਲੱਭਿਆ, ਉਹ ਇਥੇ ਪ੍ਰਸਤੁਤ ਕਰ ਰਿਹਾਂ।

ਅਨਗਿਣਤ ਐਸੇ ਦੁਖੀ ਜੋੜਿਆਂ ਦੀ ਹਾਲਤ ਵੇਖਦਿਆਂ, ਮੈਂ ਇਸ ਸਮੱਸਿਆ ਦਾ ਗਹਿਰਾਈ ਨਾਲ ਵਿਸ਼ਲੇਸ਼ਣ ਕੀਤਾ, ਇਸ ਸੰਕਟ ਦੇ ਮੂਲ ਕਾਰਨਾਂ ਦੀ ਪੜਚੋਲ ਕੀਤੀ ਅਤੇ ਉਸ ਦਾ ਹੱਲ ਲੱਭਿਆ। ਇਹ ਪੁਸਤਕ ਉਨ੍ਹਾਂ ਹੀ ਢੰਗਾਂ ਦੀ ਚਰਚਾ ਕਰਦੀ ਹੈ, ਜੋ ਵਿਆਹੁਕ ਜੀਵਨ ਨੂੰ ਦੁਖੀ ਹੋਣ ਤੋਂ ਪਹਿਲੋਂ ਹੀ, ਸੁਖਮਈ ਬਣਾਉਣ ਵਿੱਚ ਸਹਾਇਕ ਹੋ ਸਕਦੇ ਹਨ। ਤਾਂ ਜੋ ਹਰ ਮਨੁੱਖ ਆਪਣੀ ਵਿਆਹੁਤਾ ਜ਼ਿੰਦਗੀ ਵਿੱਚ ਅਨੰਦ ਅਤੇ ਸੰਤੁਸ਼ਟੀ ਪ੍ਰਾਪਤ ਕਰ ਸਕੇ।

ਜੀਵਨ ਨੂੰ ਸੁਖਮਈ ਬਣਾਉਣ ਦੇ ਉਹ ਢੰਗ: ਸਾਦੇ ਸ਼ਬਦਾਂ ਵਿੱਚ ਪਾਠਕਾਂ ਨੂੰ ਇਸ ਪੁਸਤਕਾ ਰਾਹੀਂ ਪ੍ਰਸਤੁਤ ਕਰ ਰਿਹਾ

ਪ੍ਰਾਪਤ ਕਰ ਸਕੇ। ਜੀਵਨ ਨੂੰ ਸੁਖਮਈ ਬਣਾਉਣ ਦੇ ਉਹ ਢੰਗ: ਸਾਦੇ ਸ਼ਬਦਾਂ ਵਿੱਚ ਪਾਠਕਾਂ ਨੂੰ ਇਸ ਪੁਸਤਕਾ ਰਾਹੀਂ ਪ੍ਰਸਤੁਤ ਕਰ ਰਿਹਾ ਹਾਂ। ਜੇ ਆਪ ਜੀ ਨੂੰ ਕੁਝ ਇਸ ਵਿੱਚੋਂ ਚੰਗਾ ਲੱਗੇ ਜਾਂ ਲਾਭਕਾਰੀ ਹੋਵੇ ਤਾਂ ਈਮੇਲ ਰਾਹੀਂ ਲਿਖ ਕੇ ਉੱਤਰ ਜਰੂਰ ਭੇਜੋ ਜਾਂ ਫੋਨ ਨੰਬਰਾਂ ਉਤੇ ਸੰਪਰਕ ਕਰ ਲਓ।

ਠਾਕੁਰ ਦਲੀਪ ਸਿੰਘ

ੴ ਸਤਿਗੁਰ ਪ੍ਰਸਾਦਿ ॥

# ਕਹਿ ਕਬੀਰ ਮੋਹਿ ਬਿਆਹਿ ਚਲੇ ਹੈ।

## ਵਿਆਹ ਦਾ ਅਰਥ ਕੀ ਹੈ?
## ਅਸਲੀ ਦੰਪਤੀ (ਵਿਆਹਿਆ ਜੋੜਾ) ਕਿਹੜੀ ਹੁੰਦੀ ਹੈ?



ਸਤਿਗੁਰੂ ਅਮਰਦਾਸ ਜੀ ਅਨੁਸਾਰ: ਅਸਲੀ ਦੰਪਤੀ ਉਹ ਹੁੰਦੀ ਹੈ, ਜੋ ਆਪਣੇ ਸੁਭਾਅ ਪੂਰੀ ਤਰ੍ਹਾਂ ਆਪਸ ਵਿੱਚ ਮਿਲਾ ਲੈਣ ਅਤੇ ਜੀਵਨ ਭਰ ਸੁਖੀ ਰਹਿਣ। **"ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥ ਏਕ ਜੋਤਿ ਦੁਇ ਮੂਰਤੀ; ਧਨ ਪਿਰੁ ਕਹੀਐ ਸੋਇ"** (ਪੰਨਾ 788)। ਅਰਥ: ਕੇਵਲ ਇਸਤਰੀ-ਪੁਰਸ਼ ਦੇ ਇਕੱਠੇ ਰਹਿਣ-ਬਹਿਣ ਨਾਲ, ਉਹ ਅਸਲੀ ਪਤੀ ਪਤਨੀ ਨਹੀਂ ਬਣ ਸਕਦੇ। ਅਸਲੀ ਪਤੀ ਪਤਨੀ

ਉਹ ਹੁੰਦੇ ਹਨ, ਜਿਨਾਂ ਦੇ ਸਰੀਰ ਤਾਂ ਭਾਵੇਂ ਦੋ ਹੋਣ, ਪਰ ਉਹ ਦੋਵੇਂ ਅੰਦਰੋਂ ਇੱਕ ਜੋਤ ਹੋਣ। ਯੁਵਾ ਪੀੜ੍ਹੀ ਵਾਲਿਓ! ਜੇ ਤੁਸੀਂ ਵਿਆਹ ਕਰਵਾਉਣਾ ਹੀ ਹੈ; ਤਾਂ ਐਸੀ ਦੰਪਤੀ ਬਣੋ, ਜੈਸੀ ਗੁਰੂ ਜੀ ਨੇ ਉੱਪਰਲੀ ਤੁਕ ਵਿੱਚ ਲਿਖਿਆ ਹੈ। ਵਿਚਾਰਵਾਨ ਬਣ ਕੇ, ਲੰਬਾ ਅਭਿਆਸ ਕਰ ਕੇ: ਬਹੁਤ ਹੱਦ ਤੱਕ ਐਸੀ ਦੰਪਤੀ ਬਣਿਆ ਜਾ ਸਕਦਾ ਹੈ।

ਪਤੀ ਪਤਨੀ ਦੇ ਸੰਬੰਧ ਨੂੰ ਭਾਰਤੀ ਸੰਸਕ੍ਰਿਤੀ ਵਿੱਚ 'ਅਰਧਾਂਗਨੀ' ਅਤੇ 'ਧਰਮ ਪਤਨੀ' ਜੈਸੇ ਵਧੀਆ ਸ਼ਬਦਾਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਦੋਵਾਂ ਵਾਸਤੇ ਸਨਮਾਨ, ਸਨੇਹ ਅਤੇ ਕਰਤੱਵ ਪਾਲਨ ਦਰਸਾਉਂਦੇ ਹਨ। ਭਾਰਤੀ ਸੰਸਕ੍ਰਿਤੀ ਵਿੱਚ ਇਸ ਸੰਬੰਧ ਨੂੰ ਤੋੜਨ ਦਾ ਕੋਈ ਪ੍ਰਾਵਧਾਨ ਹੀ ਨਹੀਂ ਹੈਗਾ।

ਯੁਵਾ ਪੀੜ੍ਹੀ ਵਾਲਿਓ! ਵਿਆਹ ਕਰਵਾਉਣ ਤੋਂ ਪਹਿਲੋਂ, ਇਸ ਪੁਸਤਕ ਨੂੰ ਕਈ ਵਾਰੀ ਪੜ੍ਹੋ ਅਤੇ ਇਸ ਵਿੱਚ ਲਿਖੇ ਉੱਤੇ ਵਿਚਾਰ ਕਰੋ। ਆਪਾ ਪੜਚੋਲੋ: ਫਿਰ ਇਸ ਪੁਸਤਕ ਨੂੰ ਕਈ ਵਾਰੀ ਪੜ੍ਹ ਕੇ, ਫਿਰ ਵਿਚਾਰ ਕਰੋ। ਵਿਆਹ ਕਰਾਉਣ ਵਾਲਾ ਲੜਕਾ ਲੜਕੀ: ਪਹਿਲੋਂ ਇਸ ਪੁਸਤਕ ਨੂੰ ਇਕੱਲਿਆਂ ਪੜ੍ਹ ਕੇ, ਫਿਰ ਦੋਵੇਂ ਜਣੇ ਫੋਨ ਉੱਤੇ ਜਾਂ ਇਕੱਠੇ ਬੈਠ ਕੇ ਵੀ ਪੜ੍ਹੋ। ਇਸ ਤਰ੍ਹਾਂ, ਇੱਕ ਦੂਸਰੇ ਨੂੰ ਪ੍ਰਸ਼ਨ ਕਰ ਕੇ, ਤੁਸੀਂ ਉੱਤਰ ਵੀ ਲੈ ਸਕੋ ਗੇ। ਉਸ ਉਪਰੰਤ, ਫਿਰ ਵੀ ਜੇ ਤੁਹਾਡਾ ਮਨ ਮੰਨੇ, ਤਾਂ ਹੀ ਵਿਆਹ ਕਰਵਾਓ। ਵਿਆਹ ਬਹੁਤ ਚੰਗੀ ਰਸਮ ਹੈ; ਪਰ, ਇਹ ਇੱਕ ਬੰਧਨ ਵੀ ਹੈ। ਇਸ ਲਈ, ਸੋਚ ਸਮਝ ਕੇ ਵਿਆਹ ਦੇ ਬੰਧਨ ਵਿੱਚ ਬੱਝੋ। ਇਹ ਗੱਲ ਦ੍ਰਿੜ੍ਹ ਕਰੋ: ਜੇ ਵਿਆਹ ਕਰਵਾ ਲਿਆ, ਤਾਂ ਤਲਾਕ ਨਹੀਂ ਦੇਣਾ; ਖੁਸ਼ੀ-ਖੁਸ਼ੀ ਵੱਸਣਾ ਹੈ। ਜੇ ਤੁਹਾਡੀ ਦੰਪਤੀ ਬਿਨਾ ਝਗੜੇ ਤੋਂ, ਸੁਖ ਪੂਰਵਕ ਜੀਵਨ ਬਤੀਤ ਕਰੇਗੀ: ਤਾਂ ਤੁਸੀਂ ਬਾਕੀ ਸਮਾਜ ਨਾਲੋਂ ਵੱਖਰੇ ਦਿਸੋ ਗੇ। ਇਸ ਤਰ੍ਹਾਂ, ਗੁਰਬਾਣੀ ਦੀ ਇਸ ਤੁਕ ਨੂੰ ਸਾਰਥਕ ਕਰੋ ਗੇ "**ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ**" (ਪੰਨਾ 28)। ਵਿਵੇਕ ਜਾਂ ਬਿਬੇਕ ਦਾ ਅਰਥ ਹੈ: ਵਿਚਾਰ ਸਹਿਤ ਕਿਸੇ

ਵਸਤੂ ਜਾਂ ਕਿਸੇ ਗੱਲ ਦੇ ਠੀਕ ਸਰੂਪ ਦਾ ਨਿਸ਼ਚੇ ਕਰਨਾ; ਵਿਚਾਰ ਸਹਿਤ ਤਰਕਸ਼ੀਲ ਨਿਰਣਾ ਕਰਨ ਦੀ ਕਿਰਿਆ; ਨਿਰਣੈ ਸ਼ਕਤੀ ਅਤੇ ਬੁੱਧੀ। ਅਤੇ, ਵਿਵੇਕ ਬੁੱਧੀ ਦਾ ਅਰਥ ਹੈ: ਵਿਚਾਰ ਕਰਨ ਵਾਲੀ ਤਰਕਸ਼ੀਲ ਬੁੱਧੀ। ਅਬਿਬੇਕ ਦਾ ਅਰਥ ਹੈ: ਵਿਚਾਰ-ਰਹਿਤ ਬੁੱਧੀ, ਤਰਕ-ਰਹਿਤ ਨਿਰਣੈ ਸ਼ਕਤੀ।

# ਵਿਆਹ ਸੰਬੰਧੀ ਵਿਚਾਰ ਕਰਨਾ
# ਕਿਉਂ ਜਰੂਰੀ ਹੈ?



ਅਬਿਬੇਕ ਰਾਜਾ
ਅਤੇ ਉਸ ਦੀ ਦੁਖੀ ਪਰਜਾ



ਬਿਬੇਕ ਰਾਜਾ
ਅਤੇ ਉਸ ਦੀ ਸੁਖੀ ਪਰਜਾ

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਕਿ ਬਿਬੇਕ ਅਤੇ ਅਬਿਬੇਕ ਨਾਮ ਦੇ ਕੇਵਲ ਦੋ ਹੀ ਰਾਜੇ, ਪੂਰੇ ਸੰਸਾਰ ਦੇ ਮਨੁੱਖਾਂ ਦੇ ਮਨ ਉੱਪਰ ਰਾਜ ਕਰਦੇ ਹਨ "**ਇਕ ਬਿਬੇਕ,**

**ਅਬਿਬੇਕ: ਜਗਤ ਦ੍ਵੈ ਨ੍ਰਿਪਤ ਸੁਲੱਛਨ**" (ਪਾ. ੧੦)।

ਇਹਨਾਂ ਦੋਵਾਂ ਵਿੱਚੋਂ ਤੁਸੀਂ ਜਿਸ ਵੀ ਰਾਜੇ ਦੀ ਪਰਜਾ ਬਣ ਕੇ, ਆਪਣੇ ਮਨ ਉੱਤੇ ਉਸ ਨੂੰ ਰਾਜ ਕਰਨ ਦੇਵੋ ਗੇ; ਉਸੇ ਰਾਜੇ ਦੇ ਅਨੁਸਾਰ ਹੀ ਤੁਹਾਡਾ ਜੀਵਨ ਸੁਖੀ ਜਾਂ ਦੁਖੀ ਹੋ ਜਾਵੇਗਾ। ਕਿਉਂਕਿ, ਕੇਵਲ ਇਹ ਦੋਵੇਂ ਰਾਜੇ ਹੀ ਹਰ ਮਨੁੱਖ ਦੇ ਮਨ ਦੇ ਸੁਆਮੀ ਹਨ। ਵਿਆਹ ਸੰਬੰਧ: ਆਪਸੀ ਭਰੋਸੇ, ਸਾਥ ਅਤੇ ਸਾਂਝੇ ਅਨੁਭਵਾਂ ਉੱਤੇ ਟਿਕਿਆ ਹੁੰਦਾ ਹੈ। ਵਿਆਹ: ਵਿਸ਼ਵਾਸ ਉੱਤੇ ਆਧਾਰਿਤ ਇੱਕ ਐਸਾ ਸੰਬੰਧ ਹੈ, ਜਿਸ ਦਾ ਆਸ਼ਯ: ਖੁਸ਼ੀ ਅਤੇ ਇੱਕ ਦੂਜੇ ਵਾਸਤੇ ਸੰਮਾਨ ਹੈ। ਇੱਕ ਦੂਜੇ ਨਾਲ ਵਿਵਾਦ ਜਾਂ ਝਗੜੇ ਨਹੀਂ। ਜੇ ਇਹ ਚੰਗੀਆਂ ਭਾਵਨਾਵਾਂ ਲੰਬੇ ਸਮੇਂ ਲਈ ਪਤੀ ਪਤਨੀ ਦੇ ਸੰਬੰਧਾਂ ਵਿੱਚੋਂ ਉੱਡ ਜਾਣ ਤਾਂ, ਵਿਆਹ; ਸਿਰਫ ਵਿਖਾਵੇ ਮਾਤਰ ਦਾ ਸੰਬੰਧ ਰਹਿ ਜਾਂਦਾ ਹੈ, ਜਾਂ ਕਾਗਜ਼ਾਂ ਵਿੱਚ ਰਹਿ ਜਾਂਦਾ ਹੈ। ਅਸਲੀ ਵਿਆਹ ਤਾਂ ਸਮਾਪਤ ਹੋ ਜਾਂਦਾ ਹੈ। ਵਿਆਹ ਇੱਕ ਐਸਾ ਸੰਬੰਧ ਹੈ, ਜਿਸ ਨੂੰ ਸਦ ਬੁੱਧੀ ਦਾ ਪ੍ਰਯੋਗ ਕਰ ਕੇ, ਵਿਚਾਰਵਾਨ ਬਣ ਕੇ: ਲੰਬੇ ਸਮੇਂ ਲਈ ਨਿਭਾਉਣਾ ਹੁੰਦਾ ਹੈ। ਇਸ ਲੰਬੇ ਸੰਬੰਧ ਵਿੱਚ, ਕੋਈ ਵੀ ਤੀਵਰ ਭਾਵਨਾ ਬਹੁਤ ਜਿਆਦਾ ਕੰਮ ਨਹੀਂ ਕਰ ਸਕਦੀ। ਕਿਉਂ ਕਿ ਤੀਵਰ ਭਾਵਨਾ ਵਿੱਚ, ਵਿਚਾਰ ਨਹੀਂ ਰਹਿ ਜਾਂਦੀ।

# ਪ੍ਰੇਮ ਅਤੇ ਵਿਆਹ ਵਿੱਚ ਅੰਤਰ



ਵਿਆਹ: ਇਸਤਰੀ ਪੁਰਸ਼ ਦਾ ਪ੍ਰੇਮ ਨਹੀਂ। ਕਿਉਂ ਕਿ, ਵਿਆਹ ਇੱਕ ਲੰਬਾ ਨਿਭਾਉਣ ਵਾਲਾ ਸੰਬੰਧ ਹੁੰਦਾ ਹੈ, ਜੋ ਜੀਵਨ ਭਰ ਚੱਲਣਾ ਹੁੰਦਾ ਹੈ। ਅਤੇ, ਪ੍ਰੇਮ: ਬਹੁਤਾ ਲੰਬਾ ਨਿਭਣ ਵਾਲਾ ਸੰਬੰਧ ਨਹੀਂ ਹੁੰਦਾ। ਵਿਆਹ ਵਿੱਚ ਇਕੱਠੇ ਰਹਿੰਦਿਆਂ, ਇੱਕ ਦੂਜੇ ਨਾਲ ਮੋਹ ਹੋ ਜਾਂਦਾ ਹੈ। ਪਰੰਤੂ, ਪ੍ਰੇਮ ਵਾਲੀ ਤੀਵਰ ਭਾਵਨਾ ਨਹੀਂ ਰਹਿ ਜਾਂਦੀ। ਕੋਈ ਵੀ ਤੀਵਰ ਭਾਵਨਾ ਲੰਬੇ ਸਮੇਂ ਲਈ ਰਹਿ ਹੀ ਨਹੀਂ ਸਕਦੀ। ਇਸ ਕਰ ਕੇ, ਵਿਆਹ ਤਾਂ ਵਿਚਾਰ ਅਤੇ ਵਿਵੇਕ ਆਧਾਰਿਤ ਸੰਬੰਧ ਹੈ। ਜਦ ਕਿ ਪ੍ਰੇਮ: ਭਾਵਨਾ ਆਧਾਰਿਤ ਸੰਬੰਧ ਹੈ। ਪ੍ਰੇਮ ਵਿੱਚ, ਵਿਚਾਰ ਅਤੇ ਵਿਵੇਕ ਨਹੀਂ ਹੁੰਦਾ। ਜਿਸ ਵਾਸਤੇ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ "**ਸੁਭ ਚਾਰ ਭਈ ਤੋ ਬਿਚਾਰ ਕਹਾਂ ਹੈ**"। ਜਦੋਂ ਚਾਰ ਅੱਖਾਂ ਮਿਲ ਕੇ

ਪ੍ਰੇਮ ਹੁੰਦਾ ਹੈ; ਉਦੋਂ ਵਿਚਾਰ, ਵਿਵੇਕ ਉਥੇ ਨਹੀਂ ਰਹਿ ਜਾਂਦੇ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੋਇਆ ਹੈ "**ਇੰਦ੍ਰੀ ਸਬਲ, ਨਿਬਲ ਬਿਬੇਕ ਬੁਧਿ**" (ਪੰਨਾ 658)। ਪ੍ਰੇਮ ਵੇਲੇ ਵਿਵੇਕ ਬੁੱਧੀ ਬਲ-ਰਹਿਤ ਹੋ ਜਾਂਦੀ ਹੈ। ਕੇਵਲ, ਪ੍ਰਚੰਡ ਭਾਵਨਾ ਹੀ ਪ੍ਰਬਲ ਹੁੰਦੀ ਹੈ। ਪ੍ਰੇਮ ਇੱਕ ਤੀਵਰ ਭਾਵਨਾ ਹੁੰਦੀ ਹੈ ਅਤੇ ਕਿਸੇ ਵੀ ਤੀਵਰ ਭਾਵਨਾ ਦੇ ਵਿੱਚ; ਵਿਚਾਰ/ਵਿਵੇਕ ਬੁੱਧੀ ਕੰਮ ਹੀ ਨਹੀਂ ਕਰਦੀ।

ਇਸ ਲਈ, ਪ੍ਰੇਮ: ਵਿਆਹ ਨਹੀਂ, ਅਤੇ ਵਿਆਹ: ਪ੍ਰੇਮ ਵੀ ਨਹੀਂ। ਸੁਖੀ ਜੀਵਨ ਜਿਉਣ ਵਾਸਤੇ: ਪ੍ਰੇਮ ਅਤੇ ਵਿਆਹ ਨੂੰ ਵੱਖੋ ਵੱਖ ਕਰਕੇ ਵੇਖੋ ਅਤੇ ਸਮਝੋ। ਭਾਵੇਂ "ਪ੍ਰੇਮ ਵਿਆਹ" ਹੀ ਕਰਵਾਓ।

"ਪ੍ਰੇਮ ਵਿਆਹ" ਕੋਈ ਮਾੜੀ ਚੀਜ਼ ਨਹੀਂ। ਸਾਡੇ ਦੇਸ਼ 'ਭਾਰਤ' ਦਾ ਨਾਮ, ਜਿਸ ਰਾਜੇ ਭਰਤ ਦੇ ਨਾਮ ਉੱਤੇ ਹੈ; ਉਸ ਦੇ ਮਾਤਾ ਪਿਤਾ (ਦੁਸ਼ਯੰਤ ਅਤੇ ਸ਼ਕੁੰਤਲਾ) ਦਾ


Source: Kuku fm

ਵੀ ਪ੍ਰੇਮ-ਵਿਆਹ ਸੀ। ਪਰ, ਇਹ ਮੰਨ ਕੇ ਚੱਲੋ ਕਿ ਵਿਆਹ ਦੇ ਵਿੱਚ, ਪ੍ਰੇਮ ਵਾਲੀ ਤੀਵਰ ਭਾਵਨਾ ਨਹੀਂ ਰਹਿ ਜਾਣੀ। ਵਿਆਹ ਦਾ ਪਵਿੱਤਰ ਸੰਬੰਧ ਤਾਂ ਵਿਚਾਰ ਅਤੇ ਵਿਵੇਕ ਬੁੱਧੀ ਨਾਲ ਹੀ ਨਿਭਾਇਆ ਜਾਣਾ ਹੈ। ਵਿਵੇਕ ਬੁੱਧੀ ਇਤਨੀ ਉੱਤਮ ਅਤੇ ਦੁਰਲੱਭ ਹੈ ਕਿ ਸਤਿਗੁਰੂ ਅਰਜਨ ਦੇਵ ਜੀ ਵੀ ਪ੍ਰਭੂ ਨੂੰ ਬੇਨਤੀ ਕਰ ਕੇ, ਉਸ ਤੋਂ ਵਿਵੇਕ ਬੁੱਧੀ ਮੰਗਦੇ ਹਨ "**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ**" (ਪੰਨਾ 641)।

ਇਸ ਕਰਕੇ, ਵਿਆਹ ਕੋਈ ਖੇਡ ਨਹੀਂ। ਵਿਆਹ ਸੋਚ ਸਮਝ ਕੇ ਹੀ ਕਰਵਾਓ, ਅਤੇ ਜਰੂਰ ਕਰਵਾਓ; ਪਰ, ਨਿਭਾਉਣ ਦੀ ਜਾਚ ਸਿੱਖ ਕੇ ਕਰਵਾਓ। ਵਿਆਹ ਸੰਬੰਧੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸਾਰੀਆਂ ਤੁਕਾਂ ਹਨ। ਸਤਿਗੁਰੂ ਨਾਨਕ ਦੇਵ ਜੀ ਉਚਾਰਣ ਕਰਦੇ ਹਨ "**ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ**" (ਪੰਨਾ 351)। ਇਹਨਾਂ ਤੁਕਾਂ ਵਿੱਚ ਸਤਿਗੁਰੂ ਜੀ ਜਿੱਥੇ ਵਿਆਹ ਦੀ ਖੁਸ਼ੀ ਦਰਸਾਉਂਦੇ ਹਨ, ਉੱਥੇ ਇਹ ਵੀ ਬਚਨ ਕਰਦੇ ਹਨ "ਹੇ ਸਹੇਲੀਓ! ਵਿਚਾਰ ਅਤੇ ਵਿਵੇਕ ਵਾਲੇ ਗੀਤ ਗਾਓ"।

ਜਿਹੜੇ ਗੀਤ ਆਪਾਂ ਵਿਆਹ ਵਿੱਚ ਗਾਉਂਦੇ ਹਾਂ, ਐਸੇ ਗੀਤ ਗਾਉਣ ਵਾਸਤੇ ਗੁਰੂ ਜੀ ਨੇ ਬਚਨ ਨਹੀਂ ਕੀਤਾ। ਵਿਵੇਕ ਅਤੇ ਵਿਚਾਰ ਦਾ ਅਰਥ ਹੈ= ਠੀਕ ਜਾਂ ਗਲਤ ਨੂੰ, ਚੰਗੇ ਜਾਂ ਮਾੜੇ ਨੂੰ, ਤਰਕ/ਵਿਚਾਰ ਸਹਿਤ ਨਿਰਣੇ ਕਰਨਾ। "ਵਿਵੇਕ ਬੁੱਧੀ" ਜਿਸ ਵਾਸਤੇ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ "**ਬਿਬੇਕ ਬੁਧਿ ਸਭ ਜਗ ਮਹਿ ਨਿਰਮਲ, ਬਿਚਰਿ ਬਿਚਰਿ ਰਸੁ ਪੀਜੈ**" (ਪੰਨਾ 1325)। ਅਰਥ: ਵਿਵੇਕ ਬੁੱਧੀ ਸਰਵੋਤਮ ਹੈ, ਵਿਵੇਕ ਬੁੱਧੀ ਦੀ ਵਰਤੋਂ ਕਰ ਕੇ, ਵਿਚਾਰ ਕਰ ਕਰ ਕੇ ਜੀਵਨ ਦਾ ਆਨੰਦ ਲਓ। ਵਿਵੇਕ ਬੁੱਧੀ ਕਿਹੜੀ ਹੈ? ਜੋ ਚੰਗੀ ਅਤੇ ਮਾੜੀ ਚੀਜ ਦੀ, ਅਤੇ ਚੰਗੇ ਜਾਂ ਮਾੜੇ ਕਰਮ ਦੀ, ਪਰਖ ਕਰ ਲੈਂਦੀ ਹੈ; ਉਸ ਵਿਵੇਕ ਬੁੱਧੀ ਨੂੰ ਗੁਰੂ ਜੀ ਵੀ ਸਲਾਹੁੰਦੇ ਹਨ ਕਿ ਸਾਰੇ ਸੰਸਾਰ ਵਿੱਚ ਵਿਵੇਕ ਬੁੱਧੀ ਹੀ ਸਰਵੋਤਮ ਹੈ। ਇਸ ਕਰਕੇ, ਤੁਸੀਂ ਵੀ ਵਿਵੇਕ ਬੁੱਧੀ ਧਾਰਨ ਕਰੋ।

# ਵਿਆਹ ਕਿਉਂ ਕਰਵਾਉਣਾ ਹੈ?



ਇਸ ਲੇਖ ਵਿੱਚ ਜਿਹੜੇ ਵਿਸ਼ੇ ਮੈਂ ਆਪ ਦੇ ਧਿਆਨ ਵਿੱਚ ਕਰ ਰਿਹਾ ਹਾਂ, ਇਹ ਸਾਰੇ ਹੀ ਵਿਚਾਰਨ ਯੋਗ ਹਨ। ਵਿਆਹ ਕੀ ਚੀਜ ਹੈ? ਵਿਆਹ ਕਰਵਾਉਣ ਤੋਂ ਪਹਿਲੋਂ ਕਿਹੜੀਆਂ ਗੱਲਾਂ ਸਮਝਣ ਦੀ ਲੋੜ ਹੈ? ਵਿਆਹ ਤੋਂ ਬਾਅਦ ਸੁਖੀ ਜੀਵਨ ਕਿਵੇਂ ਜਿਉਣਾ ਹੈ?

ਹਰ ਅਣ-ਵਿਆਹੇ ਲੜਕੇ ਲੜਕੀ ਨੂੰ ਚਾਹੀਦਾ ਹੈ ਕਿ ਵਿਆਹ ਕਰਵਾਉਣ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਪੁੱਛਣ, ਆਪਣੇ ਆਪ ਵਿੱਚ ਸਪੱਸ਼ਟ ਹੋਣ ਕਿ ਅਸੀਂ ਵਿਆਹ ਕਿਉਂ ਕਰਵਾਉਣਾ ਚਾਹੁੰਦੇ ਹਾਂ?

- ਕੀ ਅਸੀਂ ਵਿਆਹ ਇਸ ਲਈ ਕਰਵਾ ਰਹੇ ਹਾਂ ਕਿ ਮਾਪਿਆਂ ਨੇ ਆਖਿਆ ਹੈ?
- ਕੀ ਸਮਾਜ ਨੇ ਆਖਿਆ ਹੈ, ਤਾਂ ਵਿਆਹ ਕਰਵਾ ਰਹੇ ਹਾਂ?
- ਕੀ ਆਂਢੀਆਂ-ਗੁਆਂਢੀਆਂ ਦੇ ਵਿਆਹ ਹੋਏ ਹੋਣ ਕਰ ਕੇ, ਅਸੀਂ ਵੀ ਵਿਆਹ ਕਰਵਾਉਣਾ ਹੈ?
- ਜਾਂ ਭੇਡ ਚਾਲ ਵਿੱਚ, ਵੇਖਾ ਵੇਖੀ ਹੀ ਵਿਆਹ ਕਰਵਾ ਰਹੇ ਹਾਂ?
- ਕੀ ਕਾਮ-ਇੱਛਾ ਪੂਰੀ ਕਰਨ ਵਾਸਤੇ ਵਿਆਹ ਕਰਵਾਉਣਾ ਹੈ?
- ਕੀ ਬੱਚੇ ਪੈਦਾ ਕਰਕੇ ਵੰਸ਼ ਵਧਾਉਣ ਵਾਸਤੇ ਵਿਆਹ ਕਰਵਾਉਣਾ ਹੈ?
- ਕੀ ਪਤੀ–ਪਤਨੀ ਨੇ ਇੱਕ ਦੂਜੇ ਦਾ ਜੀਵਨ ਭਰ ਸਾਥ ਨਿਭਾਉਣ ਅਤੇ ਸਹਿਯੋਗ ਦੇਣ ਜਾਂ ਲੈਣ ਲਈ ਵਿਆਹ ਕਰਵਾਉਣਾ ਹੈ?
- ਕੀ ਸਾਡੇ ਮਨ ਦੀਆਂ ਹੋਰ ਕੋਈ ਐਸੀਆਂ ਇੱਛਾਵਾਂ ਹਨ, ਜਿਨਾਂ ਕਰਕੇ ਅਸੀਂ ਵਿਆਹ ਕਰਵਾਉਣਾ ਚਾਹੁੰਦੇ ਹਾਂ?
- ਜਾਂ, ਸਾਨੂੰ ਪਤਾ ਹੀ ਨਹੀਂ ਕਿ ਅਸੀਂ ਵਿਆਹ ਕਿਉਂ ਕਰਵਾ ਰਹੇ ਹਾਂ? ਜਿਸ ਤਰ੍ਹਾਂ, ਕੋਈ ਕੋਰਸ ਜਾਂ ਪੜ੍ਹਾਈ ਕਰਨ ਤੋਂ ਪਹਿਲਾਂ ਸਾਨੂੰ ਪਤਾ ਹੁੰਦਾ ਹੈ ਕਿ ਇਹ ਕਰਨ ਨਾਲ ਅਸੀਂ ਨੌਕਰੀ ਜਾਂ ਕਾਰੋਬਾਰ

ਕਰ ਕੇ ਪੈਸੇ ਕਮਾਉਣੇ ਹਨ। ਇਸੇ ਤਰ੍ਹਾਂ, ਵਿਆਹ ਕਰਵਾਉਣ ਤੋਂ ਪਹਿਲਾਂ ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਵਿਆਹ ਕਿਉਂ ਕਰਵਾ ਰਹੇ ਹਾਂ।

**ਆਪਣੇ ਮਾਤਾ-ਪਿਤਾ ਨੂੰ ਸਤਿਕਾਰ ਸਹਿਤ ਨਿਮਰਤਾ ਨਾਲ ਪੁੱਛੋ:-**



- ਮਾਤਾ-ਪਿਤਾ ਜੀ, ਤੁਸੀਂ ਮੇਰਾ ਵਿਆਹ ਕਿਉਂ ਕਰਨਾ ਚਾਹੁੰਦੇ ਹੋ? ਕੀ ਕਾਰਨ ਹੈ?
- ਕੀ ਤੁਹਾਨੂੰ ਪੋਤਰਾ, ਦੋਹਤਰਾ, ਪੋਤਰੀ, ਦੋਹਤਰੀ ਚਾਹੀਦੀ ਹੈ?
- ਜਾਂ, ਕੀ ਤੁਸੀਂ ਕੰਨਿਆ-ਦਾਨ ਕਰਨਾ ਹੈ?
- ਕੀ ਤੁਹਾਡੇ ਘਰ ਵਿੱਚ ਮੈਨੂੰ ਖਵਾਉਣ ਲਈ ਰੋਟੀ ਨਹੀਂ, ਇਸ ਕਰਕੇ, ਧੀ ਸਮਝ ਕੇ ਮੈਨੂੰ ਬੇਗਾਨੇ ਘਰ ਭੇਜਣਾ ਹੈ?

* ਕੀ ਸਮਾਜ ਨੇ ਆਖਿਆ ਹੈ ਤਾਂ ਮੇਰਾ ਵਿਆਹ ਕਰਨਾ ਹੈ?
* ਗੁਆਂਢੀਆਂ ਦੇ ਮੁੰਡੇ ਕੁੜੀਆਂ ਵਿਆਹੇ ਗਏ ਹਨ, ਤਾਂ ਮੇਰਾ ਵਿਆਹ ਕਰਨਾ ਹੈ?



* ਉਹ ਕਾਰਨ ਕੀ ਹੈ, ਜਿਸ ਕਾਰਨ ਤੁਸੀਂ ਮੇਰਾ ਵਿਆਹ ਕਰਨਾ ਚਾਹੁੰਦੇ ਹੋ?

ਜਦੋਂ ਇਹ ਗੱਲ ਮਾਤਾ ਪਿਤਾ ਨੂੰ ਪੁੱਛੋਗੇ ਤਾਂ ਬਹੁਤਿਆਂ ਮਾਪਿਆਂ ਨੂੰ ਇਸ ਦਾ ਉੱਤਰ ਨਹੀਂ ਆਉਣਾ। ਇਹਨਾਂ ਗੱਲਾਂ ਦਾ ਉੱਤਰ ਤਾਂ ਤੁਹਾਨੂੰ ਵੀ ਨਹੀਂ ਆਉਂਦਾ ਇਹ ਸਾਰੇ ਪ੍ਰਸ਼ਨ: ਮਾਤਾ ਪਿਤਾ ਨੂੰ ਕਰਕੇ, ਉਹਨਾਂ ਵਲੋਂ ਉੱਤਰ ਲਓ। ਆਪਣੇ ਆਪ ਨੂੰ ਪੁੱਛ ਕੇ ਵੀ ਉੱਤਰ ਲਓ। ਉਹ ਉੱਤਰ, ਇਹਨਾਂ ਪ੍ਰਸ਼ਨਾਂ ਦੇ ਸਾਹਮਣੇ ਲਿਖੋ। ਜ਼ੁਬਾਨੀ ਨਹੀਂ: ਪ੍ਰਸ਼ਨ ਉੱਤਰਾਂ ਨੂੰ ਲਿਖ ਕੇ ਬਾਰ ਬਾਰ ਪੜ੍ਹੋ। ਫਿਰ ਸਪੱਸ਼ਟ ਹੋ ਕੇ, ਵਿਆਹ ਕਰਵਾਉਣ ਵੱਲ ਤੁਰੋ। ਵਿਆਹ ਕਰਵਾ ਕੇ, ਸੁੱਖ-ਪੂਰਵਕ ਜੀਵਨ ਜਿਉਣ ਦੀ ਜਾਚ ਸਿੱਖੋ;

ਤਾਂ ਕਿ ਵਿਆਹ ਕਰਵਾ ਕੇ ਸਾਡਾ ਘਰ ਨਰਕ ਨਾ ਬਣ ਜਾਵੇ, ਸਾਡਾ ਘਰ ਸਵਰਗ ਬਣੇ। ਇਸੇ ਕਰਕੇ, ਸਿੱਖ ਪੰਥ ਵਿੱਚ ਵਿਆਹ ਨੂੰ "ਅਨੰਦ ਕਾਰਜ" ਕਿਹਾ ਜਾਂਦਾ ਹੈ। ਭਾਵ: ਵਿਆਹ/ਅਨੰਦ ਸੁਖ ਦਾ ਸਾਧਨ ਹੈ। ਪ੍ਰੰਤੂ, ਜਿੱਥੇ ਹਰ ਵੇਲੇ "ਤੂੰ-ਤੂੰ, ਮੈਂ-ਮੈਂ" ਲੜਾਈ ਝਗੜੇ ਹੁੰਦੇ ਰਹਿਣ; ਉੱਥੇ ਅਨੰਦ ਹੋ ਕੇ ਸਵਰਗ ਨਹੀਂ ਹੋ ਸਕਦਾ; ਉਹ ਤਾਂ ਨਰਕ ਬਣ ਜਾਂਦਾ ਹੈ।



# ਵਿਆਹ ਦਾ ਅਰਥ ਕੀ ਹੈ?



ਵਿਆਹ ਇੱਕ ਬੰਧਨ ਹੈ, ਉਸ ਵਿੱਚ ਅੱਜ ਵਰਗੀ ਤੁਹਾਡੀ ਸੁਤੰਤਰਤਾ ਨਹੀਂ ਰਹਿਣੀ। ਪਰ, ਜੀਵਨ ਸੁਖੀ ਚਲਾਉਣ ਲਈ, ਕੁਝ ਸੁਤੰਤਰਤਾ ਤਾਂ ਗਵਾਉਣੀ ਪੈਂਦੀ ਹੈ; ਅਤੇ ਕੁਝ ਬੰਧਨਾਂ ਵਿੱਚ ਬੱਝਣਾ ਹੀ ਪੈਂਦਾ ਹੈ। ਜਿਵੇਂ: ਜੇ ਆਪਾਂ ਇੱਕ ਸੀਮਿਤ ਮਾਤਰਾ ਵਿੱਚ ਭੋਜਨ ਕਰਨ ਦੇ ਬੰਧਨ ਵਿੱਚ ਬੱਝਾਂ ਗੇ, ਤਾਂ ਹੀ ਅਰੋਗ ਰਹਾਂ ਗੇ। ਜੇ ਉਹ ਬੰਧਨ ਤੋੜ ਦੇਵਾਂ ਗੇ ਤਾਂ ਰੋਗੀ ਹੋ ਜਾਵਾਂ ਗੇ। ਢਿੱਡ ਪੀੜ, ਟੱਟੀਆਂ, ਉਲਟੀਆਂ ਲੱਗ ਜਾਣਗੀਆਂ। ਇਸ ਕਰ ਕੇ, ਉੱਤਮ ਬੰਧਨ ਵਿੱਚ ਬੱਝਣਾ ਲਾਭਦਾਇਕ ਹੈ। ਜੀਵਨ ਦੀ ਇਹ ਇੱਕ ਅਟੱਲ ਸੱਚਾਈ ਹੈ। ਹਰ ਬੰਧਨ ਸੀਮਿਤ ਮਾਤਰਾ ਵਿੱਚ ਜੇ ਹੋਵੇ, ਤਾਂ ਉਹ ਕੋਈ ਮਾੜੀ ਚੀਜ਼ ਨਹੀਂ ਹੈ। ਕਿਉਂ ਕਿ, ਚੰਗੇ

ਬੰਧਨਾਂ ਦੀ ਮਨੁੱਖ ਨੂੰ ਜੀਵਨ ਭਰ ਲੋੜ ਰਹਿੰਦੀ ਹੈ। ਕੁਝ ਬੰਧਨਾਂ ਵਿੱਚ ਹਰ ਮਨੁੱਖ ਬੱਝਿਆ ਹੋਇਆ ਹੈ। ਪ੍ਰੰਤੂ, ਉਸ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਮੈਂ ਉਸ ਬੰਧਨ ਵਿੱਚ ਬੱਝਿਆ ਹੋਇਆ ਹਾਂ। ਵਿਆਹ ਇੱਕ ਬੜਾ ਲਾਭਕਾਰੀ ਬੰਧਨ ਹੈ। ਵਿਆਹ ਦਾ ਤੱਤ ਸਮਝੋ, ਤਾਂ ਹੀ ਵਿਆਹ ਕਰਵਾਓ; ਨਹੀਂ ਤਾਂ ਨਾ ਕਰਵਾਓ।

ਵਿਆਹ-ਸ਼ਾਦੀ ਦਾ ਅਰਥ ਹੈ: ਦੋ ਮਨੁੱਖਾਂ ਨੇ ਆਪਣਾ ਜੀਵਨ ਸੁਖੀ ਚਲਾਉਣ ਵਾਸਤੇ, ਇੱਕ ਦੂਸਰੇ ਦੇ ਨਾਲ ਲੰਬੇ ਸਮੇਂ ਲਈ, ਜੀਵਨ ਭਰ ਇਕੱਠੇ ਰਹਿਣਾ ਹੈ। ਵਿਆਹ ਕਰਵਾਉਣ ਤੋਂ ਪਹਿਲੇਂ: ਵਿਆਹ ਨੂੰ ਸਫਲਤਾ ਪੂਰਵਕ, ਖੁਸ਼ੀ ਖੁਸ਼ੀ, ਜੀਵਨ ਭਰ ਇਕੱਠਿਆਂ ਰਹਿ ਕੇ ਨਿਭਾਉਣ ਦੀ ਜਾਚ ਸਿੱਖੋ, ਤਾਂ ਹੀ ਵਿਆਹ ਕਰਵਾਓ। ਨਹੀਂ ਤਾਂ ਵਿਆਹ ਕਰਵਾ ਕੇ, ਥੋੜ੍ਹੇ ਦਿਨਾਂ ਵਿੱਚ ਹੀ ਲੜ ਭਿੜ ਕੇ, ਤਲਾਕੋ ਤਲਾਕੀ, ਮੁਕਦਮੇ ਬਾਜੀ ਕਰਨ ਦਾ ਕੋਈ ਲਾਭ ਨਹੀਂ। ਸਾਰੀ ਉਮਰ ਕਚਹਿਰੀਆਂ ਦੇ ਧੱਕੇ ਖਾਣੇ; ਨਾ ਰਾਤ ਨੂੰ ਨੀਂਦ, ਨਾ ਦਿਨੇ ਚੈਨ! ਨਾ ਕੰਮ ਵਿੱਚ ਮਨ ਲੱਗੇ। ਵਕੀਲਾਂ ਨੂੰ ਅਤੇ ਪੁਲਿਸ ਨੂੰ ਪੈਸੇ ਦੇਈ ਜਾਣ ਨਾਲੋਂ; ਵਿਆਹ ਤੋਂ ਬਿਨਾਂ ਹੀ ਠੀਕ ਹੈ।

ਪੁਰਸ਼ ਵਾਸਤੇ ਪ੍ਰੇਮ ਦਾ ਅਰਥ: ਆਮ ਤੌਰ ਉੱਤੇ ਸਰੀਰਕ ਕਿਰਿਆ, ਸੰਭੋਗ ਹੁੰਦੀ ਹੈ। ਪ੍ਰੰਤੂ, ਇਸਤਰੀ ਵਾਸਤੇ ਪ੍ਰੇਮ ਦਾ

ਅਰਥ: ਆਮ ਤੌਰ ਉੱਤੇ ਮਾਨਸਿਕ ਹੁੰਦਾ ਹੈ। ਪੁਰਸ਼ ਸੰਭੋਗ ਕਰਨ ਵਾਸਤੇ ਇਸਤਰੀ ਨਾਲ ਪ੍ਰੇਮ ਕਰਦਾ ਹੈ। ਜਦ ਕਿ ਇਸਤਰੀ, ਪੁਰਸ਼ ਤੋਂ ਪ੍ਰੇਮ ਪ੍ਰਾਪਤ ਕਰਨ ਵਾਸਤੇ ਸੰਭੋਗ ਕਰਦੀ ਹੈ। ਪ੍ਰਕਿਰਤੀ ਵੱਲੋਂ ਦੋਵਾਂ ਦੇ ਸੋਚਣ ਦਾ ਢੰਗ ਐਸਾ ਹੀ ਬਣਾਇਆ ਗਿਆ ਹੈ, ਜਿਸ ਕਾਰਨ ਆਪਸ ਵਿੱਚ ਨਰਾਜਗੀ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸੇ ਕਰ ਕੇ, ਜਦੋਂ ਲੜਕੇ ਲੜਕੀ ਦਾ ਨੇੜ ਹੁੰਦਾ ਹੈ; ਤਾਂ ਇਕਾਂਤ ਵਿੱਚ ਪਹਿਲੀ ਮਿਲਣੀ ਸਮੇਂ ਹੀ ਲੜਕਾ ਕਾਮ ਤ੍ਰਿਪਤੀ ਕਰਨ ਦੀ ਇੱਛਾ ਜਾਹਰ ਕਰਦਾ ਹੈ। ਜੇ ਲੜਕੀ 'ਨਾਂਹ' ਕਰ ਦੇਵੇ, ਤਾਂ ਬਹੁਤ ਵਾਰੀ ਲੜਕਾ ਉਸ ਨੂੰ ਤਿਆਗ ਦਿੰਦਾ ਹੈ। ਇਸ ਕਰ ਕੇ, ਨਾ ਚਾਹੁੰਦਿਆਂ ਹੋਇਆਂ ਵੀ, ਬਹੁਤੀਆਂ ਲੜਕੀਆਂ ਸੰਬੰਧ ਟੁੱਟਣ ਦੇ ਡਰ ਤੋਂ, ਲੜਕੇ ਨੂੰ ਪ੍ਰਸੰਨ ਕਰਨ ਵਾਸਤੇ; ਕਾਮ ਤ੍ਰਿਪਤੀ ਦੀ 'ਹਾਂ' ਕਰ ਕੇ, ਉਸ ਦੀ ਇੱਛਾ ਪੂਰੀ ਕਰ ਦਿੰਦੀਆਂ ਹਨ।



ਪ੍ਰੇਮ ਜਤਾਉਣ ਵਾਲੇ ਉਹੀ ਲੜਕੇ, ਕਾਮ ਤ੍ਰਿਪਤੀ ਤੋਂ ਬਾਅਦ, ਜਿਆਦਾਤਰ ਉਹਨਾਂ ਲੜਕੀਆਂ ਨੂੰ ਛੱਡ ਦਿੰਦੇ ਹਨ।



ਇੱਕ ਗੱਲ ਪੱਕੀ ਆਪਣੇ ਮਨ ਵਿੱਚ ਵਸਾ ਲਓ; ਵਿਆਹ ਪ੍ਰੇਮ ਕਰਨ ਵਾਸਤੇ ਨਹੀਂ, ਵਿਆਹ ਸੰਭੋਗ ਕਰਨ ਕਰਨ ਵਾਸਤੇ ਨਹੀਂ, ਵਿਆਹ ਬੱਚੇ ਪੈਦਾ ਕਰਨ ਵਾਸਤੇ ਵੀ ਨਹੀਂ। ਭਾਵੇਂ: ਵਿਆਹ ਦੇ ਵਿੱਚ ਪ੍ਰੇਮ ਵੀ ਕੀਤਾ ਜਾਂਦਾ ਹੈ, ਸੰਭੋਗ ਵੀ ਕੀਤਾ ਜਾਂਦਾ ਹੈ ਅਤੇ ਬੱਚੇ ਵੀ ਪੈਦਾ ਕੀਤੇ ਜਾਂਦੇ ਹਨ। ਪ੍ਰੰਤੂ, ਵਿਆਹ ਦਾ ਮੁੱਖ ਆਸ਼ੇ ਹੈ ਕਿ ਦੋ ਮਨੁੱਖਾਂ ਨੇ ਜੀਵਨ ਭਰ ਇਕੱਠੇ ਰਹਿ ਕੇ, ਇਕ ਦੂਸਰੇ ਦਾ ਸਾਥ ਨਿਭਾਉਣਾ ਹੈ। ਦੁਖ ਸੁਖ ਵਿੱਚ ਇੱਕ ਦੂਸਰੇ ਨੂੰ ਸਹਿਯੋਗ ਦੇਣਾ ਹੈ ਅਤੇ ਲੈਣਾ ਹੈ। **ਵਿਆਹ; ਦੋ ਮਨੁੱਖਾਂ ਵਿੱਚ ਜੀਵਨ ਭਰ ਵਾਸਤੇ, ਬਿਨਾਂ ਇਕਰਾਰਨਾਮਾ**



ਲਿਖਿਆਂ, ਕੀਤੀ ਗਈ ਇੱਕ ਭਾਈ ਵਾਲੀ ਹੈ, ਜਿਸ ਨੂੰ ਅੰਗਰੇਜ਼ੀ ਵਿੱਚ 'ਪਾਰਟਨਰਸ਼ਿਪ' ਕਹਿੰਦੇ ਹਨ। ਜਿਸ ਵਿੱਚ ਦੋ ਮਨੁੱਖਾਂ ਨੇ ਇਕੱਠੇ ਰਹਿ ਕੇ, ਆਪਣਾ ਜੀਵਨ ਸੁਖੀ ਚਲਾਉਣਾ ਹੈ। ਅਗਨੀ ਦੁਆਲੇ ਫੇਰੇ ਲੈ ਕੇ, ਅਖੀਰਲੇ ਸਮੇਂ ਅਗਨੀ ਵਿੱਚ ਹੀ ਸਸਕਾਰ ਹੋਣ ਤੱਕ; ਇਕੱਠੇ ਰਹਿਣਾ ਹੈ। ਇਸ ਭਾਈਵਾਲੀ ਵਿੱਚ ਉਤਰਾ-ਚੜ੍ਹਾਅ ਵੀ ਆਉਣੇ ਹਨ। ਭੁਲੇਖੇ ਲੱਗਣੇ ਹੀ ਹਨ ਅਤੇ ਕਈ ਵਾਰੀ ਭੁਲੇਖਿਆਂ ਕਾਰਨ ਨਰਾਜਗੀਆਂ ਵੀ ਹੋਣੀਆਂ ਹਨ। ਇਸੇ ਕਰਕੇ, ਭਾਰਤੀ ਸੱਭਿਅਤਾ ਵਿੱਚ ਪਤੀ ਪਤਨੀ ਨੂੰ "ਜੀਵਨ ਸਾਥੀ" ਕਿਹਾ ਗਿਆ ਹੈ।

# ਵਿਆਹ ਕਰਵਾਉਣ ਤੋਂ ਪਹਿਲੋਂ, ਸੁਖੀ ਜੀਵਨ ਜਿਉਣ ਦੀ ਜਾਚ ਸਿੱਖੋ।

ਵਿਆਹ ਕਰਵਾਉਣ ਤੋਂ ਪਹਿਲੋਂ, ਲੋਕਾਂ ਨਾਲ ਬਿਨਾਂ ਝਗੜਾ ਕੀਤੇ; ਇਕੱਠੇ ਪ੍ਰਸੰਨਤਾ ਪੂਰਵਕ, ਪ੍ਰੇਮ ਨਾਲ, ਘੁਲ-ਮਿਲ ਕੇ ਰਹਿਣ ਦੀ ਜਾਚ ਸਿੱਖੋ; ਨਹੀਂ ਤਾਂ ਤਲਾਕ ਦੀ ਤਿਆਰੀ ਪਹਿਲੋਂ ਹੀ ਕਰ ਲਓ। ਲਾਵਾਂ ਤੋਂ ਪਹਿਲੋਂ ਹੀ ਉਥੇ ਵਕੀਲਾਂ ਨੂੰ ਸੱਦ ਕੇ ਤਲਾਕ ਦੇ ਕਾਗਜ ਬਣਾ ਲਓ। ਜਾਂ, ਇਹ ਦ੍ਰਿੜ ਕਰੋ ਕਿ ਵਿਆਹ ਤੋਂ ਬਾਅਦ ਤਲਾਕ ਨਹੀਂ ਹੋਣ ਦੇਣਾ। ਪਰੰਤੂ, ਵਿਆਹ ਕਰਵਾ ਕੇ ਜੀਵਨ ਨੂੰ ਨਰਕ ਵੀ ਨਹੀਂ ਬਣਾਉਣਾ; ਪ੍ਰੇਮ ਪੂਰਵਕ ਘੁਲ-ਮਿਲ ਕੇ 'ਇੱਕ ਜੋਤ ਦੁਇ ਮੂਰਤਿ' ਬਣ ਕੇ ਰਹਿਣਾ ਹੈ।



ਵਿਆਹ ਕਰਵਾਉਣ ਤੋਂ ਪਹਿਲੋਂ, ਬਿਨਾਂ ਝਗੜਾ ਕੀਤਿਆਂ, ਖੁਸ਼ੀ ਖੁਸ਼ੀ ਆਪਣੇ ਪਰਿਵਾਰ ਵਿੱਚ

ਅਤੇ ਮਿੱਤਰਾਂ ਵਿੱਚ ਇਕੱਠੇ ਰਹਿਣ ਦੀ ਜਾਚ ਸਿੱਖੇ ਅਤੇ ਅਭਿਆਸ ਕਰੇ। ਇੱਕ ਦੂਸਰੇ ਦੀ ਨਿੱਕੀਆਂ-ਨਿੱਕੀਆਂ ਗੱਲਾਂ ਉੱਤੇ ਸ਼ੋਭਾ ਕਰਨ ਦੀ ਜਾਚ ਸਿੱਖੇ ਅਤੇ ਹਰ ਚੰਗੀ ਗੱਲ ਉੱਪਰ ਆਪਣੇ ਸਾਥੀਆਂ ਦੀ ਸੋਭਾ ਕਰਨ ਦੀ ਆਦਤ ਵੀ ਪਾਓ। ਇੱਕ ਦੂਸਰੇ ਦੀਆਂ ਨਿੱਕੀਆਂ-ਨਿੱਕੀਆਂ ਗਲਤੀਆਂ ਨੂੰ ਅਣਡਿਠ ਕਰਨ ਦੀ ਜਾਚ ਸਿੱਖੇ।

ਆਪਣੇ ਮਨ ਵਿੱਚ ਇਹ ਸੋਚ ਦ੍ਰਿੜ ਕਰੇ ਕਿ ਮੈਂ ਆਪਣੇ ਜੀਵਨ ਸਾਥੀ ਦੀਆਂ ਮਾੜੀਆਂ ਆਦਤਾਂ ਨੂੰ ਜਰਨਾ ਹੈ। ਕਿਉਂ ਕਿ, ਕੁਝ ਮਾੜੀਆਂ ਆਦਤਾਂ ਤਾਂ ਹਰ ਇੱਕ ਮਨੁੱਖ ਵਿੱਚ ਹੁੰਦੀਆਂ ਹੀ ਹਨ। ਭਾਵੇਂ ਇਸਤਰੀ ਹੋਵੇ ਜਾਂ ਪੁਰਸ਼ ਹੋਵੇ। ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ ਅਤੇ ਸਾਨੂੰ ਕਿਸੇ ਦੀਆਂ ਵੀ ਸਾਰੀਆਂ ਆਦਤਾਂ ਚੰਗੀਆਂ ਨਹੀਂ ਲੱਗਦੀਆਂ; ਭਾਵੇਂ ਉਹ ਚੰਗੀਆਂ ਵੀ ਹੋਣ। ਕੋਈ ਵੀ ਦੋ ਮਨੁੱਖਾਂ ਦੇ ਸਾਰੇ ਵਿਚਾਰ ਕਦੀ ਵੀ ਆਪਸ ਵਿੱਚ ਨਹੀਂ ਮਿਲਦੇ। ਸਮੇਂ ਨਾਲ ਵੀ ਹਰ ਮਨੁੱਖ ਦੇ ਵਿਚਾਰ ਅਤੇ ਸੁਭਾਅ ਬਦਲ ਜਾਂਦੇ ਹਨ। ਉਹਨਾਂ ਬਦਲੇ ਹੋਏ ਵਿਚਾਰਾਂ ਅਤੇ ਬਦਲੇ ਹੋਏ ਸੁਭਾਵਾਂ ਦੇ ਨਾਲ ਵੀ, ਖੁਸ਼ ਰਹਿ ਕੇ, ਸਾਰਾ ਜੀਵਨ ਬਤੀਤ ਕਰਨਾ ਸਿੱਖੇ। ਸਿਰਫ ਸਿੱਖੇ ਹੀ ਨਹੀਂ, ਉਸ ਨੂੰ ਆਪਣੀ

ਆਦਤ ਵਿੱਚ ਸ਼ਾਮਿਲ ਕਰ ਕੇ: ਆਪਣਾ ਸੁਭਾਅ ਬਣਾ ਲਓ। ਕਿਸੇ ਗੁਣ ਦੀ ਜਾਚ ਸਿੱਖਣੀ ਅਤੇ ਉਸ ਗੁਣ ਨੂੰ ਆਪਣੀ ਆਦਤ ਵਿੱਚ ਸ਼ਾਮਿਲ ਕਰ ਕੇ ਆਦਤ ਪਾਉਣੀ: ਇਹ ਦੋਵੇਂ ਵੱਖੋ ਵੱਖ ਹਨ। ਇਸ ਕਰ ਕੇ, ਆਦਤ ਪਾਉਣ ਵਾਸਤੇ ਉਸ ਗੁਣ ਨੂੰ ਲਗਾਤਾਰ ਵਰਤ ਵਰਤ ਕੇ, ਅਭਿਆਸ ਕਰ ਕੇ ਹੀ; ਆਪਣੇ ਸੁਭਾਅ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਤੁਸੀਂ ਤੁਰਨ, ਬੋਲਣ, ਸਾਈਕਲ, ਕਾਰ, ਫੋਨ, ਕੰਪਿਊਟਰ ਆਦਿ ਚਲਾਉਣ ਦੀ ਜਾਚ ਸਿੱਖੀ, ਫਿਰ ਉਸ ਉੱਤੇ ਅਭਿਆਸ ਕੀਤਾ ਹੈ; ਉਸੇ ਤਰ੍ਹਾਂ ਜੋ ਗੁਣ ਤੁਸੀਂ ਧਾਰਨ ਕਰਨਾ ਹੈ: ਉਸ ਦੀ ਆਦਤ ਵੀ ਪਾਓ, ਅਭਿਆਸ ਕਰੋ; ਉਸ ਗੁਣ ਨੂੰ ਵਰਤਣ ਦੀ ਤਾਂ ਹੀ ਆਦਤ ਪਵੇਗੀ।

ਆਪਣੇ ਅੰਦਰ ਸੋਚੋ! ਹੁਣ ਜਦੋਂ ਮੈਨੂੰ ਪਿਆਰ ਦੀ ਐਨਕ ਲੱਗੀ ਹੈ ਤਾਂ ਮੈਨੂੰ ਐਸਾ ਦਿਸਦਾ ਹੈ "ਮੇਰੇ ਜੀਵਨ ਸਾਥੀ 'ਚ ਕੋਈ ਮਾੜੀ ਆਦਤ ਹੈ ਹੀ ਨਹੀਂ"। ਪ੍ਰੰਤੂ, ਮਾੜੀਆਂ ਆਦਤਾਂ ਤੁਹਾਡੇ ਉਸ ਪ੍ਰੀਤਮ ਵਿੱਚ ਹੈਗੀਆਂ ਨੇ ਅਤੇ ਮਾੜੀਆਂ ਆਦਤਾਂ ਤੁਹਾਡੇ ਵਿੱਚ ਵੀ ਤਾਂ ਹੈਗੀਆਂ ਨੇ। ਜਦੋਂ ਪ੍ਰੇਮ ਦੀ ਐਨਕ ਲੱਗੀ ਹੋਵੇ, ਉਦੋਂ ਥੋੜ੍ਹੇ ਚਿਰ ਲਈ ਸਭ ਕੁਝ ਹਰਾ ਦਿਸਦਾ ਹੈ। ਪਰ, ਅਸਲ 'ਚ ਉਹ ਹਰਾ ਨਹੀਂ ਹੁੰਦਾ ਅਤੇ ਸਾਨੂੰ ਸਦਾ ਹਰਾ ਦਿਸਣਾ ਵੀ ਨਹੀਂ ਹੁੰਦਾ।

ਇਸ ਕਰਕੇ, ਵਿਆਹ ਕਰਵਾਉਣ ਤੋਂ ਪਹਿਲਾਂ ਇਹ ਸਾਰੀਆਂ ਜਾਚਾਂ ਸਿੱਖੋ: "ਵਿਚਾਰਕ ਮਤ ਭੇਦ ਹੁੰਦਿਆਂ, ਸੁਭਾਅ ਦੇ ਵਖਰੇਵੇਂ ਹੁੰਦਿਆਂ, ਇੱਕ ਦੂਸਰੇ ਦੀਆਂ



ਮਾੜੀਆਂ ਆਦਤਾਂ ਨੂੰ ਪ੍ਰਤੱਖ ਰੂਪ ਵਿੱਚ ਵੇਖ ਕੇ ਵੀ; ਅਸੀਂ ਚਿੜਨਾ ਵੀ ਨਹੀਂ, ਲੜਨਾ ਵੀ ਨਹੀਂ: ਸਗੋਂ ਖੁਸ਼ੀ ਖੁਸ਼ੀ ਇਕੱਠੇ ਰਹਿਣਾ ਹੈ। ਨਰਾਜਗੀ ਹੋਈ ਤੋਂ ਗੁੱਸੇ ਵਿੱਚ ਆ ਕੇ; ਅਸੀਂ ਇੱਕ ਦੂਜੇ ਨੂੰ ਕੌੜਾ ਨਹੀਂ ਬੋਲਣਾ। ਇਸਤਰੀ ਨੂੰ ਆਪਣੇ ਤੋਂ ਨੀਵਾਂ, ਆਪਣੀ ਨੌਕਰਾਣੀ, ਆਪਣੇ ਅਧੀਨ ਜਾਂ ਪੈਰ ਦੀ ਜੁੱਤੀ ਨਹੀਂ ਮੰਨਣਾ। ਭਾਵੇਂ: ਮਾਪੇ ਵੀ ਆਖਣ, ਮਿੱਤਰ ਵੀ ਆਖਣ ਕਿ ਪਤਨੀ ਨੂੰ ਆਪਣੇ ਥੱਲੇ ਲਾ ਕੇ ਰੱਖ: ਤਾਂ ਵੀ ਨਹੀਂ ਮੰਨਣਾ"। ਕੀ ਇਹ ਸਾਰਾ ਕੁਝ ਕਰ ਸਕੋ ਗੇ? ਸੋਚੋ! ਅੰਦਰ ਝਾਤੀ ਮਾਰੋ: ਜੋ ਮੈਂ ਲਿਖ ਰਿਹਾ ਹਾਂ, ਇਹ ਕੰਮ

ਬੜਾ ਔਖਾ ਹੈ। ਵਿਚਾਰੋ! ਕੀ ਮਿੱਤਰਾਂ ਦਾ ਅਤੇ ਮਾਤਾ ਪਿਤਾ ਦਾ; ਪਤਨੀ ਨੂੰ ਥੱਲੇ ਲਾ ਕੇ ਰੱਖਣ ਵਾਲਾ ਬਚਨ, ਉਲਟਾ ਸਕੋ ਗੇ? ਹਰ ਵੇਲੇ ਉਹਨਾਂ ਦਾ ਦਬਾਅ ਝੱਲ ਸਕੋ ਗੇ?

ਖੁਸ਼ੀ ਖੁਸ਼ੀ ਸਾਰਾ ਜੀਵਨ ਸੁਖੀ ਲੰਘਾਉਣ ਵਾਸਤੇ, ਇੱਕ ਦੂਸਰੇ ਉੱਤੇ ਹੱਥ ਵੀ ਨਹੀਂ ਚੁੱਕਣਾ ਅਤੇ ਇੱਕ ਦੂਸਰੇ ਦੇ ਮਾਤਾ ਪਿਤਾ ਨੂੰ ਕਿਸੇ ਕੀਮਤ ਉੱਤੇ ਵੀ ਮਾੜਾ ਨਹੀਂ ਕਹਿਣਾ। ਇੱਕ ਦੂਸਰੇ ਦਾ ਸਹਿਯੋਗ ਕਰਨਾ ਹੈ, ਸਾਥ ਦੇਣਾ ਹੈ ਅਤੇ ਲੈਣਾ ਹੈ। ਜੇ ਜੀਵਨ ਸਾਥੀ ਕੋਈ ਗਲ਼ਤ ਕੰਮ ਕਰੇ; ਤਾਂ ਉਸ ਨੂੰ ਸੁਚੱਜੇ ਢੰਗ ਨਾਲ ਰੋਕਣਾ ਵੀ ਹੈ। ਤੁਹਾਡੇ ਕੋਲ ਭਾਵੇਂ ਅਰਬਾਂ ਰੁਪਈਏ ਹੋਣ, ਸਭ ਸੁਖ ਸਹੂਲਤਾਂ ਹੋਣ; ਤਾਂ ਵੀ ਜੇ ਤੁਹਾਡੇ ਵਿਚਾਰ ਨਹੀਂ ਰਲਦੇ, ਆਦਤਾਂ ਨਹੀਂ ਰਲਦੀਆਂ ਅਤੇ ਤੁਹਾਨੂੰ ਆਪਸ ਵਿੱਚ ਮਿਲ ਕੇ ਰਹਿਣ ਦੀ ਜਾਚ ਨਹੀਂ ਆਉਂਦੀ; ਤਾਂ ਤੁਸੀਂ ਆਪਸ ਵਿੱਚ ਲੜ ਕੇ, ਚਲਦੇ ਏਅਰ ਕੰਡੀਸ਼ਨ ਵਿੱਚ ਹੀ ਅੱਗ ਬਾਲ ਦਿਓਗੇ। ਜਿੱਥੇ ਵਿਚਾਰ ਨਾ ਮਿਲਣ, ਉਥੇ ਟਕਰਾਅ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜਿਥੇ ਆਦਤਾਂ ਨਾ ਮਿਲਣ, ਉਥੇ ਤਾਂ ਟਕਰਾਅ ਦੀ ਸੰਭਾਵਨਾ ਪੱਕੀ ਹੁੰਦੀ ਹੀ ਹੈ। ਉੱਥੇ ਵਿਵੇਕ ਬੁੱਧੀ ਨਾਲ ਆਪਸ ਵਿੱਚ ਸਹਿਮਤੀ ਕੀਤੀ ਜਾ ਸਕਦੀ ਹੈ। ਜਿੰਨ੍ਹਾਂ ਦੀਆਂ ਆਦਤਾਂ,ਸੁਭਾਅ, ਵਿਚਾਰ ਅੱਜ ਮਿਲਦੇ ਹਨ: ਕੁਝ ਸਾਲਾਂ

ਬਾਅਦ ਉਹ ਵੀ ਬਦਲ ਜਾਣੇ ਹਨ। ਜੋ ਸ਼ਕਲਾਂ ਜਵਾਨੀ ਵਿੱਚ ਸੁੰਦਰ ਹਨ, ਕੁਝ ਸਾਲਾਂ ਬਾਅਦ ਉਹ ਸੁੰਦਰਤਾ ਨਹੀਂ ਰਹਿਣੀ। ਜੀਵਨ ਦੀਆਂ ਇਹਨਾਂ ਸੱਚਾਈਆਂ ਨੂੰ ਪ੍ਰਵਾਨ ਕਰੇ: **ਮੇਰੇ ਜੀਵਨ ਸਾਥੀ ਦੇ ਸਾਰੇ ਵਿਚਾਰ; ਮੇਰੇ ਨਾਲ ਨਹੀਂ ਮਿਲਣੇ ਅਤੇ ਸੁਭਾਅ, ਆਦਤਾਂ ਵੀ ਨਹੀਂ ਮਿਲਣੀਆਂ। ਪਰੰਤੂ, ਮੇਰੇ ਨਾਲ ਜਿਸ ਦੇ ਵਿਚਾਰ ਨਹੀਂ ਮਿਲਦੇ; ਮੈਂ ਆਪਣੇ ਉਸ ਸਾਥੀ ਦੇ ਨਾਲ ਵੀ ਖੁਸ਼ ਰਹਿਣਾ ਹੈ।** ਇਹ ਜਾਚ ਸਿੱਖੇ, ਇਸ ਢੰਗ ਉੱਪਰ ਅਭਿਆਸ ਕਰੇ ਅਤੇ ਖੁਸ਼ ਰਹੇ। ਇਹ ਸੋਚੇ ਕਿ ਮੈਂ ਜੀਵਨ ਸਾਥੀ ਦੀਆਂ ਮਾੜੀਆਂ ਆਦਤਾਂ ਨੂੰ ਵੀ ਖੁਸ਼ੀ ਨਾਲ ਕਿਵੇਂ ਪ੍ਰਵਾਨ ਕਰਨਾ ਹੈ। ਮਾੜੀਆਂ ਆਦਤਾਂ ਨੂੰ ਪ੍ਰੇਮ ਨਾਲ, ਸੁਚੱਜੇ ਢੰਗ ਨਾਲ ਛੁਡਾਉਣ ਦੀ, ਸੁਧਾਰਨ ਦੀ ਕੋਸ਼ਿਸ਼ ਵੀ ਕਰਨੀ ਹੈ।

ਜੇ ਮੇਰੇ ਤੋਂ ਗਲਤੀ ਹੋ ਜਾਵੇ, ਜਾਂ: ਮੇਰਾ ਜੀਵਨ ਸਾਥੀ ਇਹ ਸਮਝ ਲਵੇ ਕਿ ਮੈਂ ਗਲਤੀ ਕੀਤੀ ਹੈ ਜਾਂ ਮੇਰੇ ਤੋਂ ਗਲਤੀ ਹੋਈ ਹੈ: ਤਾਂ ਮੈਂ ਆਪਣੇ ਜੀਵਨ ਸਾਥੀ ਤੋਂ ਉਸਦੀ ਖਿਮਾ ਮੰਗਣੀ ਹੈ ਅਤੇ ਆਪਣੇ ਜੀਵਨ ਸਾਥੀ ਨੂੰ ਉਸ ਦੀਆਂ ਗਲਤੀਆਂ ਵਾਸਤੇ ਖਿਮਾ ਕਰ ਵੀ ਦੇਣਾ ਹੈ। ਕਈ ਵਾਰੀ ਜੇ ਗਲਤੀ ਨਾ ਵੀ ਹੋਈ ਹੋਵੇ ਅਤੇ ਗਲਤੀ ਕੀਤੀ ਵੀ ਨਾ ਹੋਵੇ; ਤਾਂ ਵੀ ਹਾਲਾਤ ਸੁਖਾਵੇਂ ਰੱਖਣ

ਰੱਖਣ ਲਈ: ਮੈਂ ਗਲਤੀ ਮੰਨ ਕੇ, ਖਿਮਾ ਮੰਗ ਲੈਣੀ ਹੈ ਅਤੇ ਇੱਕ ਦੂਸਰੇ ਨੂੰ ਖਿਮਾ ਕਰ ਵੀ ਦੇਣੀ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ "**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ**" (ਪੰਨਾ 359)। ਭਾਵ: "ਖਿਮਾ ਕਰਨ ਨਾਲ ਹੀ ਪ੍ਰਭੂ ਰੂਪੀ ਪਤੀ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਪਤੀ, ਖੁਸ਼ ਹੋ ਕੇ ਆਪਣੇ ਭਗਤ ਰੂਪੀ ਇਸਤਰੀ ਨੂੰ ਪਿਆਰ ਦਿੰਦਾ ਹੈ"। ਜੇ ਖਿਮਾ ਕਰਨ ਨਾਲ ਪ੍ਰਭੂ-ਪ੍ਰਾਪਤੀ ਹੁੰਦੀ ਹੈ, ਪ੍ਰਭੂ ਆਪਣੇ ਭਗਤ ਨੂੰ ਪ੍ਰੇਮ ਕਰਦਾ ਹੈ; ਤਾਂ ਖਿਮਾ ਕਰਨ ਨਾਲ, ਤੁਹਾਡਾ ਜੀਵਨ ਸਾਥੀ, ਤੁਹਾਨੂੰ ਪ੍ਰੇਮ ਕਿਉਂ ਨਹੀਂ ਕਰੇਗਾ? ਤੁਹਾਡਾ ਜੀਵਨ ਸੁਖੀ ਕਿਉਂ ਨਹੀਂ ਚੱਲੇਗਾ? ਗੁਰੂ ਜੀ ਦੇ ਇਸ ਬਚਨ ਦਾ ਇਥੇ ਆਪਾਂ ਇਹ ਅਰਥ ਲਈਏ "ਖਿਮਾ ਕਰਨ ਨਾਲ ਹੀ ਪਤੀ, ਪਤਨੀ ਸੁਖੀ ਰਹਿ ਸਕਦੇ ਹਨ"। ਆਪਣੀ ਖੁਸ਼ੀ ਨਾਲੋਂ ਕਈ ਵਾਰ, ਦੂਜੇ ਦੀ ਖੁਸ਼ੀ ਨੂੰ ਪਹਿਲ ਦੇਣੀ ਹੈ (ਧਿਆਨਯੋਗ ਹੈ: 'ਕਈ ਵਾਰੀ' ਲਿਖਿਆ ਹੈ, 'ਸਦਾ ਲਈ' ਨਹੀਂ ਲਿਖਿਆ)। ਕਦੀ ਆਪਣੀ ਖੁਸ਼ੀ ਨੂੰ ਵੀ ਪਹਿਲ ਦੇਣੀ ਹੈ; ਕਦੀ ਸਾਥੀ ਦੀ ਖੁਸ਼ੀ ਨੂੰ ਪਹਿਲ ਦੇਣੀ ਹੈ। ਦੋਵੇਂ ਜਣੇ, ਪਤੀ-ਪਤਨੀ ਬਣਨ ਵਾਲਾ ਜੋੜਾ, ਇਹਨਾਂ ਸਾਰੀਆਂ ਗੱਲਾਂ ਨੂੰ ਆਪਣੇ ਅੰਦਰ ਪਰਖ ਕੇ; ਫਿਰ ਹੀ ਵਿਆਹ ਕਰਵਾਓ।

# ਰੋਣ ਦਿਓ, ਮਨ ਹਲਕਾ ਕਰਨ ਦਿਓ!



ਵਿਆਹ ਕਰਵਾਉਣ ਤੋਂ ਪਹਿਲਾਂ ਇਹ ਦ੍ਰਿੜ ਕਰ ਲਓ, ਜੇ ਤੁਹਾਡੇ ਜੀਵਨ ਸਾਥੀ ਨੂੰ ਰੋਣ ਆਵੇ ਜਾਂ ਉਹ ਰੋ ਕੇ ਆਪਣਾ ਮਨ ਹਲਕਾ ਕਰਨਾ ਚਾਹਵੇ: ਤਾਂ, ਤੁਸੀਂ ਉਸ ਨੂੰ ਬਿਨਾਂ ਝਿੜਕੇ ਤੋਂ ਬਿਨਾਂ ਟੋਕੇ ਤੋਂ ਰੋਣ ਦੇਣਾ ਹੈ। ਵਿਚਾਰ ਕਰੋ: ਜੇ ਤੁਹਾਡਾ ਸਾਥੀ ਰੋ ਕੇ ਆਪਣਾ ਮਨ ਹਲਕਾ ਕਰਨਾ ਚਾਹਵੇ, ਤਾਂ ਕੀ ਤੁਸੀਂ ਆਪਣੇ ਸਾਥੀ ਨੂੰ; ਬਗੈਰ ਝਿੜਕੇ ਤੋਂ, ਬਿਨਾਂ ਟੋਕੇ ਤੋਂ, ਆਪਣੀ ਛਾਤੀ 'ਤੇ ਸਿਰ ਰੱਖ ਕੇ ਅੱਧਾ ਘੰਟਾ ਰੋਣ ਦੀ ਆਗਿਆ ਦਿਓ ਗੇ? ਅਤੇ, ਉਸ ਅੱਧੇ ਘੰਟੇ ਦੇ ਸਮੇਂ ਵਿੱਚ ਰੋ ਕੇ, ਉਸ ਨੂੰ ਆਪਣਾ ਮਨ ਹਲਕਾ ਕਰਨ ਦਿਓ ਗੇ? ਕੀ ਉਤਨਾ ਚਿਰ, ਤੁਸੀਂ ਉਸ ਨੂੰ ਪ੍ਰੇਮ ਵੀ ਕਰੋਗੇ? ਜਾਂ, ਉਸ ਨੂੰ ਦਬਕਾ ਮਾਰ ਕੇ ਚੁੱਪ ਕਰਵਾ ਦਿਓ ਗੇ?

ਇਸਤਰੀ, ਪੁਰਸ਼ ਦੋਵਾਂ ਨੂੰ ਹੀ ਆਪਣਾ ਜੀਵਨ ਸੁਖੀ ਜਿਉਣ ਵਾਸਤੇ, ਇਸ ਗੱਲ ਦੀ ਯੋਗਤਾ ਪੈਦਾ ਕਰਨ ਦੀ ਲੋੜ ਹੈ ਕਿ

ਅਸੀਂ ਆਪਣੇ ਜੀਵਨ-ਸਾਥੀ ਨੂੰ, ਰੋ ਕੇ ਆਪਣਾ ਮਨ ਹਲਕਾ ਕਰਨ ਦਾ ਮੌਕਾ ਦੇਵਾਂ ਗੇ। ਜੇ ਲੋੜ ਪਵੇ, ਤਾਂ ਸਾਡਾ ਜੀਵਨ-ਸਾਥੀ ਸਾਡੀ ਛਾਤੀ 'ਤੇ ਸਿਰ ਰੱਖ ਕੇ ਰੋ ਸਕਦਾ ਹੈ। ਅਸੀਂ ਉਸ ਰੋਂਦੇ ਹੋਏ ਸਾਥੀ ਨੂੰ ਗੁੱਸੇ ਨਹੀਂ ਹੋਵਾਂਗੇ; ਉਲਟਾ, ਉਸ ਨੂੰ ਰੋ ਕੇ ਮਨ ਹਲਕਾ ਕਰਨ ਲਈ ਉਤਸਾਹਿਤ ਕਰਾਂਗੇ। ਜੇ ਤੁਹਾਡੇ ਵਿੱਚ ਆਪਣੇ ਸਾਥੀ ਦਾ ਮਨ ਹਲਕਾ ਕਰਵਾਉਣ ਦੀ ਯੋਗਤਾ ਨਹੀਂ, ਤਾਂ ਉਹ ਯੋਗਤਾ ਬਣਾਉਣ ਦੀ ਲੋੜ ਹੈ। ਆਪਣੇ ਸਾਥੀ ਦਾ ਮਨ ਹਲਕਾ ਕਰਵਾਉਣ ਦੀ ਇਸ ਯੋਗਤਾ ਨਾਲ, ਤੁਹਾਡਾ ਸਭ ਦਾ ਜੀਵਨ ਸੁਖੀ ਚੱਲ ਸਕਦਾ ਹੈ। ਇਹ ਗੱਲ ਸਿਰਫ਼ ਪਤੀ, ਪਤਨੀ ਵਾਸਤੇ ਹੀ ਨਹੀਂ; ਤੁਹਾਡਾ ਪ੍ਰੇਮੀ, ਪ੍ਰੇਮਿਕਾ, ਮਿੱਤਰ ਜਾਂ ਤੁਹਾਡੇ ਪਰਿਵਾਰ ਦਾ ਕੋਈ ਵੀ ਸਦੱਸਯ, ਇਸ ਤਰ੍ਹਾਂ ਰੋ ਕੇ ਆਪਣਾ ਮਨ ਹਲਕਾ ਕਰ ਸਕਦਾ ਹੈ।

ਇਹ ਸਮਝਣ ਦੀ ਲੋੜ ਹੈ: ਪੁਰਸ਼ ਆਮ ਤੌਰ ਉੱਪਰ ਛੇਤੀ-ਛੇਤੀ ਰੋਂਦੇ ਨਹੀਂ। ਜੇ ਰੋਣ ਆਵੇ, ਤਾਂ ਵੀ ਆਪਣੇ ਰੋਣ ਨੂੰ ਰੋਕ ਲੈਂਦੇ ਹਨ। ਜਦ ਕਿ, ਇਸਤਰੀਆਂ ਬਹੁਤ ਛੇਤੀ ਰੋਣ ਲੱਗ ਪੈਂਦੀਆਂ ਹਨ ਅਤੇ ਰੋ ਕੇ ਆਪਣਾ ਮਨ ਹਲਕਾ ਕਰ ਲੈਂਦੀਆਂ ਹਨ। ਇਸਤਰੀਆਂ ਦੇ ਇਸ ਰੋਣ ਨੂੰ, ਉਹਨਾਂ ਦੀ 'ਵਿਸ਼ੇਸ਼ਤਾ' ਕਿਹਾ ਜਾ ਸਕਦਾ ਹੈ, ਜਾਂ ਉਹਨਾਂ ਦੀ 'ਕਮਜ਼ੋਰੀ' ਵੀ ਕਿਹਾ ਜਾ ਸਕਦਾ ਹੈ। ਇਹ ਤਾਂ

ਆਪਣੇ-ਆਪਣੇ ਦ੍ਰਿਸ਼ਟੀਕੋਣ ਉੱਤੇ ਨਿਰਭਰ ਕਰਦਾ ਹੈ। ਪ੍ਰੰਤੂ, ਐਸੀਆਂ ਸਥਿਤੀਆਂ ਹਰ ਮਨੁੱਖ ਦੇ ਜੀਵਨ ਵਿੱਚ ਆਉਂਦੀਆਂ ਹੀ ਹਨ। ਆਪਣੀਆਂ ਭਾਵਨਾਵਾਂ ਵਿਅਕਤ ਕਰਨ ਲਈ, ਜਾਂ ਮਨ ਹਲਕਾ ਕਰਨ ਲਈ; ਰੋਂਦੇ ਪੁਰਸ਼ ਵੀ ਹਨ। ਪਰ, ਉਹ ਇਸਤਰੀਆਂ ਤੋਂ ਘੱਟ ਵਾਰੀ ਰੋਂਦੇ ਹਨ।

ਜੇ ਇਸਤਰੀ ਰੋਵੇ, ਤਾਂ ਬਹੁਤ ਵਾਰੀ ਉਸਦੇ ਰੋਣ ਨੂੰ 'ਪਖੰਡ' ਦੱਸਿਆ ਜਾਂਦਾ ਹੈ। ਜਾਂ, ਪੁਰਸ਼ਾਂ ਵੱਲੋਂ ਉਸ ਨੂੰ ਦਬਕਾ ਕੇ ਚੁੱਪ ਕਰਵਾ ਦਿੱਤਾ ਜਾਂਦਾ ਹੈ, ਜੋ ਕਿ ਯੋਗ ਨਹੀਂ। ਬਹੁਤ ਸਾਰੇ ਪੁਰਸ਼ ਵੀ ਕਦੀ ਆਪਣੇ ਮਿੱਤਰ ਕੋਲ ਬੈਠ ਕੇ ਰੋਂਦੇ ਹਨ, ਕੋਈ ਆਪਣੇ ਗੁਰੂ ਕੋਲ ਬੈਠ ਕੇ ਰੋਂਦੇ ਹਨ, ਇਥੋਂ ਤੱਕ ਕਿ ਭਗਵਾਨ ਦੀ, ਦੇਵੀ ਦੇਵਤੇ ਦੀ ਮੂਰਤੀ ਅੱਗੇ ਵੀ ਬੈਠ ਕੇ ਰੋਂਦੇ ਹਨ। ਆਪਣਾ ਦੁੱਖ ਦੱਸ ਕੇ ਮਨ ਹਲਕਾ ਕਰਦੇ ਹਨ। ਇਸ ਕਰ ਕੇ, ਕਦੀ-ਕਦੀ ਰੋ ਕੇ ਮਨ ਹਲਕਾ ਕਰ ਲੈਣਾ, ਕੋਈ ਪਾਪ ਨਹੀਂ। ਪਰੰਤੂ, ਹਰ ਸਮੇਂ ਰੋ ਕੇ ਮਨ ਹਲਕਾ ਕਰਨਾ ਵੀ ਯੋਗ ਨਹੀਂ, ਸਮਾਂ ਵਿਚਾਰ ਲੈਣਾ ਚਾਹੀਦਾ ਹੈ। ਸਮਾਜ ਇਸ ਰੋਣ ਨੂੰ ਪ੍ਰਵਾਨ ਨਹੀਂ ਕਰਦਾ।

# ਵਿਆਹ ਇੱਕ ਸਮਝੌਤਾ ਹੈ।

ਧਿਆਨ ਨਾਲ ਸੋਚੋ: ਕੀ ਤੁਸੀਂ ਆਪਣੇ ਜੀਵਨ ਸਾਥੀ: ਪਤੀ ਜਾਂ ਪਤਨੀ ਦੁਆਰਾ ਕੀਤੀ ਆਲੋਚਨਾ ਸੁਣ ਕੇ, ਜਰ ਸਕੋ ਗੇ? ਉਸ ਆਲੋਚਨਾ ਉੱਤੇ ਵਿਚਾਰ ਵੀ ਕਰ ਸਕੋਗੇ? ਜਾਂ, ਅੱਗੋਂ ਭੜਕ ਕੇ ਗਲ਼ ਪਓਗੇ "ਤੂੰ ਕੌਣ ਹੈ ਮੈਨੂੰ ਆਖਣ ਵਾਲਾ?" ਜੇ ਇਹ ਜਰਨ ਸ਼ਕਤੀ ਤੁਹਾਡੇ ਕੋਲ ਨਹੀਂ ਹੈਗੀ; ਤਾਂ ਇਸ ਜਰਨ ਸ਼ਕਤੀ ਨੂੰ ਗ੍ਰਹਿਣ ਕਰ ਕੇ, ਇਸ ਉੱਪਰ ਅਭਿਆਸ ਕਰੋ। ਕਿਉਂ ਕਿ, ਤੁਹਾਨੂੰ ਦੋਵਾਂ ਜਣਿਆਂ ਨੂੰ ਇੱਕ ਦੂਸਰੇ ਤੋਂ ਆਲੋਚਨਾ ਸੁਣਨੀ ਪੈਣੀ ਹੈ। ਇਸ ਦੇ ਨਾਲ ਇਹ ਵੀ ਜਰੂਰੀ ਹੈ: ਵਧੀਆ ਸੁਚੱਜੇ ਢੰਗ ਨਾਲ, ਮਿੱਠੇ ਸ਼ਬਦਾਂ ਵਿੱਚ, ਆਲੋਚਨਾ ਕਰਨ ਦੀ ਵੀ ਜਾਚ ਸਿੱਖੋ। ਭੈੜੇ ਸ਼ਬਦਾਂ ਵਿੱਚ, ਚੁੱਭਵੀਂ ਆਲੋਚਨਾ ਨਹੀਂ ਕਰਨੀ ਚਾਹੀਦੀ। ਅਸਲ ਵਿੱਚ, ਆਲੋਚਨਾ ਕਰਤਾ ਦਾ ਭਾਵ ਤਾਂ ਇਹ ਹੁੰਦਾ ਹੈ ਕਿ ਜਿਸ ਦੀ ਆਲੋਚਨਾ ਕਰ ਰਹੇ ਹਾਂ: ਅਸੀਂ ਕੇਵਲ ਉਸ ਨੂੰ ਉਸ ਦੀ ਗਲਤੀ ਦੱਸ ਰਹੇ ਹਾਂ; ਉਹ ਆਪਣੀ ਗਲਤੀ ਸੁਧਾਰ ਲਵੇ। ਪਰ ਜੇ ਕਰ, ਆਲੋਚਨਾ ਹੀ ਇੰਨੀ ਚੁੱਭਵੀਂ ਹੋਵੇ ਕਿ ਸਰੋਤਾ ਨੂੰ ਸੁਣਨੀ ਔਖੀ ਹੋ ਜਾਵੇ; ਤਾਂ ਉਹ ਆਪਣੀ ਗਲਤੀ ਕਿਥੋਂ ਸੁਧਾਰ ਲਵੇ ਗਾ?

ਇਸ ਕਰ ਕੇ, ਵਿਆਹ ਕਰਵਾਉਣ ਵਾਲੇ ਜੋੜੇ ਨੂੰ ਇਹ ਪ੍ਰਵਾਨ ਕਰ ਲੈਣਾ ਚਾਹੀਦਾ ਹੈ: ਜੀਵਨ ਇੱਕ ਸਮਝੌਤਾ ਹੈ, ਪ੍ਰੇਮ ਨਹੀਂ। ਜਿਸ ਵਿੱਚ ਆਪਣੀਆਂ ਸਾਰੀਆਂ ਗੱਲਾਂ ਨਹੀਂ ਮਨਾਈਆਂ ਜਾ ਸਕਣੀਆਂ। ਇਸ ਲਈ, ਇੱਕ ਦੂਸਰੇ ਨਾਲ ਸਮਝੌਤਾ ਕਰਨ ਦੀ ਜਾਚ ਸਿੱਖੋ। ਸਹਿਮਤ ਹੋਣ ਦੀ ਜਾਚ ਵੀ ਸਿੱਖੋ ਅਤੇ ਸਹਿਮਤ ਹੋਣ ਦੀ ਆਦਤ ਵੀ ਪਾਓ। ਜਾਚ ਸਿੱਖਣੀ ਅਤੇ ਆਦਤ ਪਾਉਣੀ: ਇਹ ਵੱਖੋ ਵੱਖ ਹਨ। ਇਹ ਦ੍ਰਿੜ੍ਹ ਕਰ ਲਓ: ਪਤੀ, ਪਤਨੀ ਨੇ ਆਪਸੀ ਸਹਿਮਤੀ ਨਾਲ ਹੀ ਸੁਖੀ ਰਹਿੰਦਿਆਂ ਹੋਇਆਂ, ਆਪਣਾ ਜੀਵਨ ਖੁਸ਼ ਖੁਸ਼ ਬਤੀਤ ਕਰ ਸਕਣਾ ਹੈ।

# ਵਿਆਹ ਸੰਬੰਧੀ ਖਰਚਿਆਂ ਬਾਰੇ ਪਹਿਲੋਂ ਵਿਚਾਰੋ।



ਆਪਣੇ ਮਾਤਾ ਪਿਤਾ ਨਾਲ ਵਿਆਹ ਤੋਂ ਪਹਿਲੋਂ ਬੈਠ ਕੇ ਸਲਾਹ ਕਰੋ: ਮੰਗਣੀ ਸਮੇਂ, ਠਾਕੇ ਸਮੇਂ, ਵਿਆਹ ਸਮੇਂ ਕੋਈ ਪਾਰਟੀ ਕਰਨੀ ਹੈ, ਕਿ ਨਹੀਂ ਕਰਨੀ? ਜੇ ਕਰਨੀ ਹੈ: ਤਾਂ ਇਸ ਉੱਤੇ ਕਿੰਨਾ ਖਰਚਾ ਕਰਨਾ ਹੈ? ਜੰਞ-ਘਰ ਵਿੱਚ ਜਾ ਕੇ ਕਿੰਨਾ ਕੁ ਖਰਚਾ ਕਰਨਾ ਹੈ, ਕਿ ਨਹੀਂ ਕਰਨਾ? "**ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ**" (ਪੰਨਾ 477)। ਕੀ ਉਹ ਲੱਖਾਂ ਰੁਪਏ, ਜਿਹੜੇ ਜੰਞ-ਘਰ ਵਿੱਚ ਲਾਉਣੇ ਹਨ; ਉਹਨਾਂ ਪੈਸਿਆਂ

ਦੇ ਕੋਈ ਗਹਿਣੇ ਬਣਾ ਲੈਣੇ ਹਨ, ਜਾਂ ਨਹੀਂ? ਕੋਈ ਪਲਾਟ ਖਰੀਦ ਲੈਣੇ ਹਨ, ਜਾਂ ਨਹੀਂ? ਕੋਈ ਸ਼ੇਅਰ, ਈ.ਟੀ.ਐਫ. ਖਰੀਦਣੇ ਹਨ, ਕਿ ਨਹੀਂ? ਜਾਂ, ਸ਼ਰਾਬਾਂ ਪਿਆ ਕੇ, ਜੰਝ ਘਰਾਂ ਵਿੱਚ ਨਾਚ ਵਗੈਰਾ ਉੱਤੇ ਆਪਣਾ ਪੈਸਾ ਉਜਾੜਨਾ ਹੈ? ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰ ਕਰਕੇ ਤੈਅ ਕਰ ਲਵੋ: ਕਿੰਨਾ ਪੈਸਾ ਉਜਾੜਨਾ ਹੈ, ਅਤੇ ਕਿੰਨਾ ਨਿਵੇਸ਼ ਕਰਨਾ ਹੈ?

ਜੀਵਨ ਵਿੱਚ ਸਦਾ ਇੱਕੋ ਜਿਹਾ ਸਮਾਂ ਨਹੀਂ ਰਹਿੰਦਾ। ਜਿਹੜੇ ਲੱਖਾਂ ਰੁਪਏ ਤੁਸੀਂ ਜੰਝ ਘਰ ਵਿੱਚ ਵਿਆਹ ਦੀ ਪਾਰਟੀ ਉੱਤੇ ਉਜਾੜਦੇ ਪਏ ਹੋ; ਜੰਝ ਘਰ ਵਿੱਚ ਉਜਾੜੇ ਉਹਨਾਂ ਪੈਸਿਆਂ ਨੇ, ਤੁਹਾਨੂੰ ਔਖੇ ਸਮੇਂ ਸੁੱਖ ਨਹੀਂ ਦੇਣਾ। ਹੋ ਸਕਦਾ ਹੈ ਕਿ ਕੱਲ ਕੋਈ ਐਸਾ ਕਾਰਨ ਬਣ ਕੇ, ਤੁਹਾਡੇ ਘਰ ਵਿੱਚ ਗਰੀਬੀ ਆ ਜਾਵੇ, ਉੱਥੇ ਕੀ ਕਰੋ ਗੇ? ਜੇ ਉਹੀ ਲੱਖਾਂ ਰੁਪਏ ਤੁਸੀਂ ਬਚਾਅ ਕੇ ਰੱਖੇ ਹੋਣਗੇ, ਉਸ ਦਾ ਸੋਨਾ ਜਾਂ ਸ਼ੇਅਰ ਖਰੀਦੇ ਹੋਣ ਗੇ; ਜਿਸ ਦਿਨ ਤਕ ਤੁਹਾਡੇ ਉੱਤੇ ਕੋਈ ਸਮੱਸਿਆ ਆਵੇਗੀ, ਉਸ ਦਿਨ ਤਕ ਉਹ ਸੋਨਾ ਜਾਂ ਸ਼ੇਅਰ ਦੁੱਗਣੇ-ਤਿੱਗਣੇ ਹੋ ਸਕਦੇ ਹਨ। ਫਿਰ ਉਸੇ ਪੈਸੇ ਨੂੰ ਵਰਤ ਕੇ, ਤੁਸੀਂ ਆਪਣਾ ਜੀਵਨ ਸੁਖੀ ਕਰ ਸਕੋ ਗੇ।

ਵਿਆਹ ਕਰਵਾਉਣ ਤੋਂ ਪਹਿਲਾਂ ਇਹ ਵੀ ਤੈਅ ਕਰ ਲਓ ਕਿ

ਕਿਸੇ ਪ੍ਰਕਾਰ ਦਾ ਦਾਜ ਲੈਣਾ/ਦੇਣਾ ਹੈ, ਕਿ ਨਹੀਂ? ਲੜਕੀ ਦੇ ਮਾਪਿਆਂ ਨੇ ਬਹੁਤ ਸਾਰਾ ਦਾਜ ਬਣਾ ਕੇ ਰੱਖਿਆ ਹੁੰਦਾ ਹੈ, ਜੋ ਮਨ੍ਹਾ ਕਰਨ ਉੱਤੇ ਵੀ ਉਹਨਾਂ ਨੇ ਦੇਣਾ ਹੀ ਹੁੰਦਾ ਹੈ "**ਲਖ ਖਰਚ ਵਿਆਹੀਐ ਗਹਣੈ ਦਾਜੁ ਸਾਜੁ ਅਤਿ ਭਾਰੀ**" (ਭਾਈ ਗੁਰਦਾਸ ਜੀ)। ਪ੍ਰੰਤੂ, ਬਹੁਤ ਵਾਰੀ ਲੜਕੇ ਦੀ ਵੀ ਦਾਜ ਲੈਣ ਦੀ ਇੱਛਾ ਹੁੰਦੀ ਹੈ। ਨਹੀਂ ਤਾਂ, ਉਸ ਦੇ ਮਾਤਾ ਪਿਤਾ ਦੀ ਤਾਂ



ਇੱਛਾ ਹੁੰਦੀ ਹੀ ਹੈ ਕਿ ਅਸਾਂ ਦਾਜ ਜਰੂਰ ਲੈਣਾ ਹੈ। ਇਹਨਾਂ ਹਾਲਾਤਾਂ ਵਿੱਚ, ਵਿਆਹ ਕਰਵਾਉਣ ਵਾਲੇ ਲੜਕਾ, ਲੜਕੀ ਤੈਅ ਕਰਨ ਕਿ ਅਸੀਂ ਕੀ ਕਰਨਾ ਹੈ?

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਾਜ ਲੈਣ ਤੋਂ ਰੋਕਣ ਵਾਸਤੇ, ਸਿੱਖਾਂ ਨੂੰ ਬਹੁਤ ਪ੍ਰੇਰਿਤ ਕੀਤਾ। ਉਹਨਾਂ ਦੀ ਪ੍ਰੇਰਨਾ ਸਦਕਾ ਹਜਾਰਾਂ ਨਾਮਧਾਰੀ ਲੜਕਿਆਂ ਨੇ ਦਾਜ ਲੈਣ ਤੋਂ ਇਨਕਾਰ ਕੀਤਾ ਅਤੇ ਆਪਣੇ ਘਰ ਆਇਆ ਦਾਜ ਵੀ, ਸਹੁਰੇ ਘਰ ਜਾ ਕੇ ਆਪ ਵਾਪਸ ਕੀਤਾ। ਪ੍ਰੰਤੂ, ਇਹ ਵੀ ਇੱਕ ਸੱਚਾਈ ਹੈ ਕਿ ਬਹੁਤਾ ਭਾਰਤੀ ਸਮਾਜ ਇਸ ਦਾਜ ਪ੍ਰਥਾ ਦੇ ਕੋਹੜ ਨੂੰ ਅਜੇ ਤੱਕ ਨਹੀਂ ਛੱਡ ਸਕਿਆ। ਦਾਜ ਦਾ ਪ੍ਰਬੰਧ ਨਾ ਹੋਣ ਕਰ ਕੇ, ਸਾਡੀਆਂ ਬਹੁਤ ਸਾਰੀਆਂ ਧੀਆਂ ਨੂੰ ਆਤਮ ਹੱਤਿਆ ਕਰਨੀ ਪੈਂਦੀ ਹੈ। ਦਾਜ ਜੋਗੇ ਪੈਸੇ ਨਾ ਹੋਣ ਕਰ ਕੇ, ਮਾਪੇ ਆਪਣੀਆਂ ਧੀਆਂ ਦਾ ਵਿਆਹ ਕਰਨ ਤੋਂ ਡਰਦੇ ਹਨ। ਆਪਾਂ ਸਾਰਿਆਂ





ਨੂੰ ਮਿਲ ਕੇ ਦਾਜ ਪ੍ਰਥਾ ਬੰਦ ਕਰਨੀ ਚਾਹੀਦੀ ਹੈ।

ਵਿਆਹ ਤੋਂ ਪਹਿਲਾਂ ਤੈਅ ਕਰਨਯੋਗ ਬਹੁਤ ਜਰੂਰੀ ਗੱਲ ਹੈ: ਦਾਜ ਰਾਹੀਂ ਆਇਆ ਸਮਾਨ: ਕਿਸ ਦੀ ਜਾਇਦਾਦ ਹੋਵੇਗੀ? ਪਤੀ ਦੀ? ਸਹੁਰਾ ਪਰਿਵਾਰ ਦੀ? ਜਾਂ, ਪਤਨੀ ਦੀ ਆਪਣੀ ਜਾਇਦਾਦ? ਉਸ ਸਮਾਨ ਨੂੰ ਪਤਨੀ ਨੇ ਕਿਸੇ ਨੂੰ ਸਪੁਰਦ ਕਰਨਾ ਹੈ, ਕਿ ਨਹੀਂ ਕਰਨਾ? ਜਾਂ, ਆਪਣੇ ਕੋਲ ਹੀ ਵੱਖਰਾ ਰੱਖਣਾ ਹੈ? ਲੜਕੀ ਨੂੰ ਵੀ ਚਾਹੀਦਾ ਹੈ ਕਿ ਵਿਆਹ ਕਰਵਾਉਣ ਤੋਂ ਪਹਿਲਾਂ ਸਹੁਰਾ ਪਰਿਵਾਰ ਤੋਂ ਇਹ ਸਪੱਸ਼ਟ ਕਰ ਲਵੇ ਕਿ ਉਹ ਨੌਕਰੀ ਕਰਨ ਦੇਣ ਗੇ, ਜਾਂ ਨਹੀਂ । ਬਹੁਤ ਸਾਰੇ ਪਰਿਵਾਰ, ਵਿਆਹ ਤੋਂ ਪਹਿਲਾਂ ਤਾਂ ਇਹ ਕਹਿ ਦਿੰਦੇ ਹਨ ਕਿ ਉਹ ਨੌਕਰੀ ਕਰਨ ਦੇਣ ਗੇ; ਪਰ ਬਾਅਦ ਵਿੱਚ ਕਰਨ ਨਹੀਂ ਦਿੰਦੇ। ਸਹੁਰਾ ਪਰਿਵਾਰ ਦਾ ਨਿਰਣੇ ਸੁਣ ਕੇ, ਉਸ ਦੇ ਅਨੁਸਾਰ ਹੀ ਲੜਕੀ ਆਪਣਾ ਵੀ ਨਿਰਣੇ ਲਵੇ। ਜੇ ਪਤੀ ਪਤਨੀ ਬਣਨ ਵਾਲੇ ਦੋਵੇਂ ਜੀਅ ਕਮਾਊ ਹੋਣ; ਤਾਂ ਦੋਵਾਂ ਜੀਆਂ ਦੀ ਕਮਾਈ, ਅਤੇ ਲੜਕੀ ਨੂੰ ਮਾਤਾ-ਪਿਤਾ ਤੋਂ ਮਿਲਣ ਵਾਲਾ ਸੋਨਾ ਅਤੇ ਪੈਸਾ; ਕੀ ਇੱਕੋ ਜਗ੍ਹਾ ਰੱਖਣਾ ਹੈ, ਜਾਂ ਵੱਖੋ ਵੱਖਰਾ ਰੱਖਣਾ ਹੈ? ਜਦੋਂ ਵਿਆਹ ਹੁੰਦਾ ਹੈ; ਉਦੋਂ ਤਾਂ ਪਤੀ ਪਤਨੀ ਵਿੱਚ ਬੜੀਆਂ ਜੱਫੀਆਂ ਪੈਂਦੀਆਂ ਹਨ, ਬੜਾ ਪਿਆਰ

ਹੁੰਦਾ ਹੈ। ਉਦੋਂ ਪਤਨੀ ਆਪਣੇ ਪੈਸੇ ਪਤੀ ਨੂੰ ਫੜਾ ਦਿੰਦੀ ਹੈ। ਥੋੜ੍ਹੇ ਦਿਨਾਂ ਬਾਅਦ ਜਦੋਂ ਨਰਾਜ਼ਗੀਆਂ ਹੁੰਦੀਆਂ ਹਨ; ਉਦੋਂ ਪੈਸੇ ਵੱਖਰੇ ਰੱਖਣ ਦਾ ਜੀਅ ਕਰਦਾ ਹੈ। ਫਿਰ ਪਤੀ ਪੈਸੇ ਦਿੰਦਾ ਨਹੀਂ। ਇਸ ਕਰ ਕੇ, ਵਿਆਹ ਕਰਵਾਉਣ ਤੋਂ ਪਹਿਲਾਂ ਇਹ ਵੀ ਤੈਅ ਕਰੋ: ਕੀ ਬੈਂਕ ਅਕਾਊਂਟ ਸਾਂਝੇ ਰੱਖਣੇ ਹਨ, ਜਾਂ ਵੱਖਰੇ-ਵੱਖਰੇ ਰੱਖਣੇ ਹਨ? ਖਰਚੇ ਖੁੱਲ ਕੇ ਕਰਨੇ ਹਨ, ਜਾਂ ਸੰਕੋਚ ਕੇ ਕਰਨੇ ਹਨ? ਕਿਹੜੀ ਕਿਹੜੀ ਚੀਜ਼ ਉੱਤੇ ਉੱਤੇ ਖਰਚੇ ਕਰਨੇ ਹਨ? ਹੋ ਸਕਦਾ ਹੈ ਕਿ ਤੁਹਾਡਾ ਮਨ ਹੋਵੇ: ਅਸੀਂ ਵਿਆਹ ਤੋਂ ਬਾਅਦ ਘਰ ਖਰੀਦਣਾ ਹੈ, ਜਾਂ ਫਲੈਟ ਖਰੀਦਣਾ ਹੈ, ਜਾਂ ਬਹੁਤ ਵਧੀਆ ਮਹਿੰਗੀ ਕਾਰ, ਜਾਂ ਮਹਿੰਗਾ ਫੋਨ ਖਰੀਦਣਾ ਹੈ। ਸੋਚੋ! ਕੀ ਅਸੀਂ ਇਹ ਖਰਚੇ ਕਰਨੇ ਹਨ, ਜਾਂ ਨਹੀਂ? ਕਿਉਂ ਕਿ ਕਾਰ, ਮੋਟਰਸਾਈਕਲ, ਫੋਨ ਆਦਿ ਦੀ ਕੀਮਤ ਦੁਕਾਨ ਤੋਂ ਬਾਹਰ ਨਿਕਲਦਿਆਂ ਹੀ ਬਹੁਤ ਘੱਟ ਜਾਂਦੀ ਹੈ; ਦੋ ਸਾਲਾਂ ਵਿੱਚ ਅੱਧੀ ਰਹੀ ਜਾਂਦੀ ਹੈ। ਉਸ ਦੇ ਮੁਕਾਬਲੇ ਉੱਤੇ, ਸੋਨਾ, ਪਲਾਟ ਅਤੇ ਘਰ ਦੀ ਕੀਮਤ ਵਧਣੀ ਹੁੰਦੀ ਹੈ। ਇਸ ਕਰ ਕੇ, ਇਹ ਗੱਲਾਂ ਵੀ ਵਿਆਹ ਤੋਂ ਪਹਿਲਾਂ ਤੈਅ ਕਰੋ।

ਵਿਆਹ ਤੋਂ ਬਾਅਦ, ਪਤੀ ਪਤਨੀ ਨੇ ਕਿਸ ਕਮਰੇ ਵਿੱਚ ਰਹਿਣਾ ਹੈ? ਅੱਜ ਦੇ ਯੁੱਗ ਵਿੱਚ ਵਧਦੀ ਜਨਸੰਖਿਆ ਕਾਰਨ,




ਵਧਦੀ ਮਹਿੰਗਾਈ ਕਾਰਨ ਅਤੇ ਅਸਾਡੀਆਂ ਮਾੜੀਆਂ ਆਦਤਾਂ ਕਰ ਕੇ, ਖਰਚੇ ਬਹੁਤ ਵੱਧ ਗਏ ਹਨ। ਮਕਾਨ ਖਰੀਦਣੇ ਔਖੇ ਹਨ, ਕਿਰਾਏ ਵੀ ਬਹੁਤ ਮਹਿੰਗੇ ਹੋ ਗਏ ਹਨ। ਇਸ ਕਰ ਕੇ, ਵਿਆਹ ਕਰਵਾਉਣ ਤੋਂ ਪਹਿਲੋਂ ਇਹ ਵੀ ਸੋਚ ਲਵੋ ਕਿ ਤੁਹਾਨੂੰ ਦੋਵਾਂ ਜੀਆਂ ਨੂੰ ਬਾਕੀ ਪਰਿਵਾਰ ਨਾਲੋਂ ਵੱਖਰਿਆਂ ਸੌਣ ਵਾਸਤੇ, ਕੋਈ ਕਮਰਾ ਹੈਗਾ ਵੀ ਹੈ, ਕਿ ਨਹੀਂ? ਕੀ ਤੁਸੀਂ ਵੱਖਰਾ ਕਮਰਾ ਸੁਤੰਤਰ ਹੋ ਕੇ ਲੈ ਸਕੋ ਗੇ, ਕਿ ਨਹੀਂ? ਕੀ ਤੁਹਾਡੇ ਕੋਲ ਇੰਨੇ ਪੈਸੇ ਹਨ, ਜਾਂ ਨਹੀਂ? ਜਾਂ, ਤੁਸੀਂ ਵੱਡੇ ਕਮਰੇ ਵਿੱਚ ਰੜੇ ਮੈਦਾਨ ਸਾਰਿਆਂ ਦੇ ਸਾਹਮਣੇ ਹੀ ਜੱਫੀ ਪਾ ਕੇ ਪਿਆ ਕਰੋ ਗੇ?

ਭਾਵੇਂ ਐਸੀਆਂ ਸਾਰੀਆਂ ਗੱਲਾਂ ਵਿਆਹ ਤੋਂ ਪਹਿਲਾਂ ਤੈਅ ਨਹੀਂ ਹੋ ਸਕਦੀਆਂ। ਪਰ, ਬਹੁਤ ਸਾਰੀਆਂ ਗੱਲਾਂ ਜਰੂਰ ਤੈਅ ਹੋ ਸਕਦੀਆਂ ਹਨ, ਜੋ ਵਿਆਹ ਹੋਣ ਤੋਂ ਬਾਅਦ ਹੋਣ ਵਾਲੇ ਝਗੜਿਆਂ ਨੂੰ ਘਟਾ ਕੇ, ਕੁਝ ਹੱਦ ਤਕ, ਹੋਣ ਵਾਲੇ ਤਲਾਕਾਂ ਨੂੰ ਰੋਕ ਸਕਦੀਆਂ ਹਨ। ਮੈਂ ਤਲਾਕ ਹੋਣੋਂ ਰੋਕਣੇ ਚਾਹੁੰਦਾ ਹਾਂ। ਤਲਾਕ ਭਾਰਤੀ ਸੱਭਿਅਤਾ ਵਿੱਚ ਨਹੀਂ ਹੈਗੇ। ਤਲਾਕ ਨਾਲ ਪਰਿਵਾਰ ਟੁੱਟਦੇ ਹਨ ਅਤੇ ਤਲਾਕ ਲੈਣ/ਦੇਣ ਵਾਲੇ ਪਰਿਵਾਰ ਝਗੜਿਆਂ ਵਿੱਚ ਉੱਜੜ ਜਾਂਦੇ ਹਨ। ਇਸ ਕਰ ਕੇ, ਵਾਰੀ ਵਾਰੀ ਕਹਿ ਰਿਹਾ ਹਾਂ ਕਿ ਵਿਆਹ ਤੋਂ ਪਹਿਲਾਂ ਉਪਰੋਕਤ ਗੱਲਾਂ ਨੂੰ ਵਿਚਾਰੋ; ਤਾਂ ਜੋ ਤਲਾਕ ਦੀ ਸਥਿਤੀ ਆਵੇ ਹੀ ਨਾ।

# ਪ੍ਰੇਮ ਵਿਆਹ:-

ਵਿਆਹ ਤੋਂ ਪਹਿਲੋਂ ਜੇ ਤੁਹਾਡਾ ਕਿਸੇ ਨਾਲ ਸੰਬੰਧ ਬਣ ਜਾਵੇ; ਤਾਂ ਉਸ ਨੂੰ ਛੇਤੀ-ਛੇਤੀ ਵਿਆਹ ਦੀ 'ਹਾਂ' ਨਾ ਕਰੇ। ਕੁਝ ਲੰਬਾ ਸਮਾਂ ਉਸ ਸੰਬੰਧ ਨੂੰ ਚੱਲਣ ਦਿਓ। ਨਵੇਂ ਬਣੇ ਸੰਬੰਧ: ਕੱਚੇ ਹੋਣ ਕਰ ਕੇ, ਬਹੁਤ ਵਾਰੀ ਛੇਤੀ ਹੀ ਟੁੱਟ ਜਾਂਦੇ ਹਨ। ਮਾਤਾ ਪਿਤਾ ਨੂੰ ਪੁੱਛ ਕੇ ਹੀ, ਕਿਸੇ ਨੂੰ ਵਿਆਹ ਦਾ ਵਾਅਦਾ ਕਰੇ। ਇਹ ਨਾ ਹੋਵੇ: ਬਾਅਦ ਵਿੱਚ ਮਾਤਾ ਪਿਤਾ ਨਾ ਮੰਨਣ। ਤੁਸੀਂ ਵਿਆਹ ਕਰਵਾਉਣ ਦਾ ਵਾਅਦਾ ਕੀਤਾ ਹੋਵੇ ਅਤੇ ਮਾਤਾ ਪਿਤਾ ਵੱਲੋਂ ਵਿਆਹ ਨਾ ਕਰਨ ਉੱਤੇ ਆਤਮ ਘਾਤ ਕਰਨ ਦੀ ਧਮਕੀ ਦੇਵੇ। ਵੈਸੇ ਵੀ, ਕੱਚੇ ਸੰਬੰਧ ਦੇ ਵਿੱਚ, ਪਤਾ ਨਹੀਂ ਹੁੰਦਾ ਕਿ ਸੰਬੰਧ ਕਦੋਂ ਟੁੱਟ ਜਾਣਾ! ਵਿਆਹ ਦਾ ਕੀਤਾ ਵਾਅਦਾ: ਫਿਰ ਮੁੜ ਕੇ ਮਹਿੰਗਾ ਪੈਂਦਾ ਹੈ, ਮੁਸ਼ਕਿਲਾਂ ਆ ਜਾਂਦੀਆਂ ਹਨ। ਇਸ ਕਰ ਕੇ, ਵਿਆਹ ਦੇ ਵਾਅਦੇ ਛੇਤੀ-ਛੇਤੀ ਨਾ ਕਰੋ, ਆਪਣਾ ਬਚਾਅ ਕਰ ਕੇ ਰੱਖੋ। "ਵਾਅਦਾ ਕੀਆ ਤੋ ਨਿਭਾਨਾ ਪੜੇਗਾ" ਗਾਣਾ ਜਿੰਨਾਂ ਮਰਜ਼ੀ ਗਾਈ ਜਾਓ। ਜਦੋਂ ਸੰਬੰਧ ਟੁੱਟ ਜਾਵੇ, ਤਾਂ ਕੋਈ ਵਾਅਦਾ ਨਹੀਂ ਨਿਭਦਾ ਹੁੰਦਾ।

ਜੇ ਤੁਹਾਡਾ ਪ੍ਰੇਮ ਵਿਆਹ ਹੈ; ਤਾਂ ਕੀ ਤੁਹਾਡੇ ਦੋਵਾਂ ਪਰਿਵਾਰਾਂ




ਦੇ ਮਾਤਾ ਪਿਤਾ, ਤੁਹਾਡੇ ਨਾਲ ਸਹਿਮਤ ਹਨ? ਜੇ ਮਾਤਾ ਪਿਤਾ ਸਹਿਮਤ ਨਹੀਂ ਹਨ; ਜੇ ਵਿਰੋਧ ਵਿੱਚ ਹਨ ਤਾਂ, ਉਹਨਾਂ ਹਾਲਾਤਾਂ ਵਿੱਚ ਤੁਹਾਡਾ ਜੀਵਨ ਕਿੰਨਾ ਕੁ ਔਖਾ ਹੋ ਸਕਦਾ ਹੈ? ਵਿਸ਼ੇਸ਼ ਰੂਪ ਵਿੱਚ, ਜੇ ਤੁਹਾਡਾ ਵਿਆਹ ਅੰਤਰਜਾਤੀ ਹੈ; ਤਾਂ ਅੰਤਰਜਾਤੀ ਵਿਆਹ ਵਿੱਚ ਤੁਹਾਡੇ ਦੋਵਾਂ ਪਰਿਵਾਰਾਂ ਦੇ ਮਾਤਾ ਪਿਤਾ ਅਤੇ ਬਾਕੀ ਦੇ ਰਿਸ਼ਤੇਦਾਰ; ਤੁਹਾਡੇ ਨਾਲ ਸਹਿਮਤ ਹੋਣਗੇ ਕਿ ਨਹੀਂ? ਜੇ ਸਹਿਮਤ ਨਹੀਂ ਹੋਣਗੇ, ਤਾਂ ਕੀ ਹੋਵੇਗਾ? ਤੁਹਾਡਾ ਕੀ ਬਣੇ ਗਾ? ਉਹ ਤੁਹਾਨੂੰ ਕਿੰਨਾ ਕੁ ਤੰਗ ਕਰ ਸਕਣ ਗੇ? ਕੀ ਤੁਸੀਂ ਉਹਨਾਂ ਤੋਂ ਬਿਨਾਂ ਜੀਵਨ ਚਲਾ ਸਕੋ ਗੇ? ਜੇ ਉਹ ਤੁਹਾਡਾ ਵਿਰੋਧ ਕਰਨਗੇ, ਤਾਂ ਕੀ ਹੋਵੇਗਾ? ਉਹਨਾਂ ਦੇ ਵਿਰੋਧ ਕਾਰਨ, ਤੁਹਾਡਾ ਜੀਵਨ ਕਿੰਨੀ ਕੁ ਕਠਿਨਾਈ ਭਰਪੂਰ ਹੋ ਸਕਦਾ ਹੈ?

ਵਿਆਹ ਤੋਂ ਪਹਿਲਾਂ, ਦੋਵਾਂ ਪਰਿਵਾਰਾਂ ਦੇ ਪਿਛੋਕੜ, ਦੋਵਾਂ ਦੇ ਪੇਕੇ ਪਰਿਵਾਰਾਂ ਦੀਆਂ ਪਰੰਪਰਾਵਾਂ, ਉਹਨਾਂ ਦੇ ਸੁਭਾਅ ਜਾਨਣ ਦੀ ਲੋੜ ਹੈ। ਵਿਸ਼ੇਸ਼ ਰੂਪ ਵਿੱਚ, ਕਿਸ-ਕਿਸ ਪ੍ਰਕਾਰ ਦੀ ਸੁਚ



ਮਰਿਆਦਾ, ਰੀਤੀ ਰਿਵਾਜ ਆਦਿ, ਕਿਸੇ ਪਰਿਵਾਰ ਵਿੱਚ ਰੱਖੇ ਜਾਂਦੇ ਹਨ ਕਿ ਨਹੀਂ? ਕਿਹੜਾ ਪਰਿਵਾਰ, ਕਿਸ ਪੰਥ ਜਾਂ ਧਰਮ ਵਿੱਚ ਵਿਸ਼ਵਾਸ ਕਰਦਾ ਹੈ ਅਤੇ ਕਿਸ ਗੁਰੂ ਜੀ ਨੂੰ ਮੰਨਦਾ ਹੈ? ਵੱਖੋ-ਵੱਖਰੇ ਧਰਮਾਂ ਵਿੱਚੋਂ ਬਣੀ ਦੰਪਤੀ ਦੇ ਜਿਹੜੇ ਬੱਚੇ ਹੋਣਗੇ, ਉਹਨਾਂ ਨੂੰ ਕਿਸ ਧਰਮ ਦੇ ਵਿਸ਼ਵਾਸ ਵਾਲੇ, ਕਿਸ ਗੁਰੂ ਦੀ ਦੇ ਸੇਵਕ ਬਣਾਇਆ ਜਾਵੇਗਾ? ਫ਼ਰਜ ਕਰੋ ਕਿ ਹਿੰਦੂ ਅਤੇ ਮੁਸਲਮਾਨ ਦਾ ਵਿਆਹ ਹੋ ਜਾਵੇ। ਉਹ ਜੋੜਾ ਆਪਣੇ ਬੱਚਿਆਂ ਨੂੰ ਹਿੰਦੂ ਬਣਾਉਣਗੇ, ਜਾਂ ਮੁਸਲਮਾਨ ਬਣਾਉਣਗੇ?

ਅੰਤਰਪੰਥੀ ਵਿਆਹਾਂ ਵਿੱਚ ਐਸੀ ਸਮੱਸਿਆ ਆਉਂਦੀ ਹੀ ਹੈ। ਪਤੀ ਜਾਂ ਪਤਨੀ ਵਿੱਚੋਂ ਇੱਕ ਜਣੇ ਦੇ: ਜੋ ਵੀ ਰੀਤੀ ਰਿਵਾਜ ਹਨ, ਜੋ ਉਸ ਦੇ ਸੰਸਕਾਰਾਂ ਵਿੱਚ ਉਸ ਨੂੰ ਮਿਲੇ ਹਨ; ਵਿਆਹ ਹੋਣ ਉਪਰੰਤ ਕੀ ਉਹ ਰੀਤੀ ਰਿਵਾਜ, ਉਹ ਵਿਸ਼ਵਾਸ, ਉਹ ਸੁੱਚ ਮਰਿਆਦਾ, ਨਿਭ ਸੱਕੇਗੀ ਜਾਂ ਨਹੀਂ? ਇਹਨਾਂ ਗੱਲਾਂ ਨੂੰ ਲੈ ਕੇ ਆਪਸ ਵਿੱਚ ਬਹੁਤ ਨਰਾਜ਼ਗੀ ਅਤੇ ਝਗੜੇ ਹੋ ਸਕਦੇ ਹਨ, ਤਲਾਕ ਵੀ ਹੋ ਸਕਦੇ ਹਨ। ਇਹ ਵਿਸ਼ਾ ਅਤਿਅੰਤ ਗੰਭੀਰ ਹੈ। ਕਿਉਂ ਕਿ, ਕਈ ਪਰਿਵਾਰ ਐਸੇ ਹਨ; ਜਿਨਾਂ ਵਿੱਚ ਮਾਸ, ਸ਼ਰਾਬ, ਨਸ਼ੇ ਦਾ ਖੁੱਲਾ ਪ੍ਰਯੋਗ ਕੀਤਾ ਜਾਂਦਾ ਹੈ; ਪਰੰਤੂ, ਕਈ ਪਰਿਵਾਰ ਉਹ ਹਨ ਜਿਨਾਂ ਵਿੱਚ ਇਸ ਚੀਜ਼ ਨੂੰ ਬਿਲਕੁਲ ਛੋਹਿਆ ਤੱਕ ਨਹੀਂ ਜਾਂਦਾ। ਇਸ ਦੀ ਵਰਤੋਂ ਅਤਿਅੰਤ ਮਾੜੀ ਮੰਨੀ ਜਾਂਦੀ ਹੈ। ਐਸੇ ਵੱਖੋ-ਵੱਖਰੇ ਪਿਛੋਕੜ ਵਾਲੇ ਸੰਸਕਾਰ ਲੈ ਕੇ ਆਏ ਲੜਕਾ ਲੜਕੀ: ਜਦੋਂ ਵਿਆਹੇ ਜਾਣ ਗੇ, ਤਾਂ ਇਕੱਠੇ ਰਹਿੰਦਿਆਂ, ਉਹਨਾਂ ਨੂੰ ਆਪਣੇ ਸੰਸਕਾਰਾਂ ਵਾਲੇ ਸੁਭਾਅ ਜਾਂ ਆਦਤਾਂ ਨਾ ਮਿਲਣ ਕਰਕੇ, ਬਹੁਤ ਵੱਡੀ ਸਮੱਸਿਆ ਆਵੇ ਗੀ।

# ਵਿਆਹ ਤੋਂ ਪਹਿਲਾਂ ਸੁਭਾਅ ਜਾਣੋ।



ਆਪਣੇ ਬਣਨ ਵਾਲੇ ਜੀਵਨ ਸਾਥੀ ਦਾ ਸੁਭਾਅ, ਕਿਸੇ ਵੀ ਢੰਗ ਨਾਲ (ਸੱਜਣਾ ਮਿੱਤਰਾਂ ਰਾਹੀਂ, ਸੋਸ਼ਲ ਮੀਡੀਆ ਰਾਹੀਂ) ਵਿਆਹ ਕਰਨ ਤੋਂ ਪਹਿਲੋਂ ਚੰਗੀ ਤਰ੍ਹਾਂ ਜਾਨਣ ਦਾ ਯਤਨ ਕਰੋ। ਜੇ ਹੋ ਸਕੇ ਤਾਂ ਆਪਣੇ ਵਿਆਹ ਤੋਂ ਪਹਿਲਾਂ, ਤੁਸੀਂ ਆਪਣੇ ਸਹੁਰੇ ਪਰਿਵਾਰ ਦੇ ਜੀਆਂ ਦੇ ਸੁਭਾਅ ਬਾਰੇ ਜਾਣਕਾਰੀ ਲਓ। ਵਿਸ਼ੇਸ਼ ਰੂਪ ਵਿੱਚ, ਸੱਸ ਅਤੇ ਸਹੁਰੇ ਦੇ ਸੁਭਾਅ ਬਾਰੇ ਜਾਣੋ। ਕਿਉਂ ਕਿ, ਜੋ ਉਹਨਾਂ ਦੇ ਸੁਭਾਅ ਹੋਣਗੇ; ਉਹ ਹੀ ਉਹਨਾਂ ਦੇ ਲੜਕੀ ਜਾਂ ਲੜਕੇ ਦੇ ਸੁਭਾਅ ਵੀ ਹੋਣਗੇ। ਜਿਸ ਵਾਸਤੇ ਪੰਜਾਬੀ ਦੀ ਕਹਾਵਤ ਹੈ "ਮਾਂ ਪਰ ਧੀ, ਪਿਤਾ ਪਰ ਘੋੜਾ; ਬਹੁਤਾ ਨਹੀਂ, ਤਾਂ ਥੋੜਾ ਥੋੜਾ"। ਭਾਵ: ਧੀ ਨੇ ਤਾਂ ਮਾਂ ਦੇ ਸੁਭਾਅ ਉੱਤੇ ਜਾਣਾ ਹੁੰਦਾ; ਪੁੱਤਰ ਨੇ ਪਿਤਾ ਦੇ ਸੁਭਾਅ ਉੱਤੇ ਜਾਣਾ ਹੁੰਦਾ।

# ਵਿਆਹ ਤੋਂ ਪਹਿਲਾਂ ਕੁਆਰੇ ਰਹੋ।



ਅਜੋਕੇ ਯੁਗ ਦੇ ਬਹੁਤ ਸਾਰੇ ਬੱਚੇ ਵਿਆਹ ਤੋਂ ਪਹਿਲੋਂ ਹੀ; ਇੱਕ ਤੋਂ ਵੱਧ ਲੜਕੇ, ਲੜਕੀਆਂ ਨਾਲ ਪ੍ਰੇਮ ਸੰਬੰਧ ਬਣਾਉਂਦੇ ਹਨ ਅਤੇ ਕਈ ਤਾਂ ਸਰੀਰਕ ਸੰਬੰਧ ਵੀ ਬਣਾ ਲੈਂਦੇ ਹਨ। ਜੋ ਇੱਕ ਆਦਤ ਬਣ ਜਾਂਦੀ ਹੈ। ਐਸੇ ਬੱਚਿਆਂ ਨੂੰ, ਵਿਆਹ ਤੋਂ ਬਾਅਦ, ਜਦੋਂ ਇੱਕੋ ਜੀਵਨ ਸਾਥੀ ਨਾਲ ਰਹਿਣਾ ਪੈਂਦਾ ਹੈ ਤਾਂ; ਉਹਨਾਂ ਨੂੰ ਕਾਫੀ ਕਠਿਨਾਈ ਆਉਂਦੀ ਹੈ। ਕਿਉਂਕਿ, ਬਹੁਤੇ ਲੜਕੇ, ਲੜਕੀਆਂ ਨਾਲ ਪਿਆਰ ਅਤੇ ਸੰਗ ਕਰਨ ਦੀ ਆਦਤ ਪੈਣ ਤੋਂ ਬਾਅਦ: ਉਹ ਆਦਤ ਛੱਡਣੀ ਅਤਿਅੰਤ ਔਖੀ ਹੋ ਜਾਂਦੀ ਹੈ। ਇਸ ਕਾਰਨ, ਇਕੋ ਸਾਥੀ ਨਾਲ ਹੀ ਸਦਾ ਵਾਸਤੇ ਰਹਿਣਾ, ਇਕੋ ਨਾਲ ਹੀ ਪਿਆਰ ਵੀ ਕਰਨਾ; ਉਨਾਂ ਨੂੰ ਕਾਫੀ ਔਖਾ ਲੱਗਦਾ ਹੈ

ਅਤੇ ਕਈਆਂ ਤੋਂ ਇੱਕੋ ਨਾਲ ਰਹਿਆ ਵੀ ਨਹੀਂ ਜਾਂਦਾ। ਜਿਸ ਕਾਰਨ, ਝਗੜੇ ਹੋ ਕੇ, ਗੱਲ ਤਲਾਕ ਤੱਕ ਪਹੁੰਚ ਜਾਂਦੀ ਹੈ। ਐਸੇ ਸੁਭਾਅ ਵਾਲੇ ਬੱਚਿਆਂ ਨੂੰ ਆਪਾ ਪੜਚੋਲ ਕੇ, ਆਪਣੇ ਆਪ ਨੂੰ ਚੰਗੀ ਤਰ੍ਹਾਂ ਪਰਖ ਕੇ, ਫਿਰ ਹੀ ਵਿਆਹ ਕਰਵਾਉਣਾ ਚਾਹੀਦਾ ਹੈ: ਕੀ ਮੈਂ ਆਪਣੀ ਇਸ ਆਦਤ ਨੂੰ ਛੱਡ ਸਕਾਂ ਗਾ? ਕੀ ਮੈਂ ਆਪਣੇ ਇੱਕ ਜੀਵਨ ਸਾਥੀ ਤਕ ਹੀ ਰਹਿ ਸਕਾਂ ਗਾ?

ਜੇ ਤੁਸੀਂ ਕਿਸੇ ਨਾਲ ਪਹਿਲੋਂ ਵਿਆਹ ਦਾ ਵਾਅਦਾ ਕੀਤਾ ਹੋਇਆ ਹੈ ਅਤੇ ਮਾਪਿਆਂ ਦੇ ਦਬਾਅ ਹੇਠ ਕੀਤੇ ਵਿਆਹ ਨੂੰ ਨਿਭਾਅ ਨਹੀਂ ਸਕਣਾ: ਤਾਂ ਮਾਪਿਆਂ ਦੇ ਅੱਗੇ ਸਿਰ ਨਿਵਾ ਕੇ, ਐਂਵੇ ਬਿਨਾਂ ਵਿਚਾਰੇ ਹੀ ਵਿਆਹ ਨਾ ਕਰਵਾ ਲਓ। ਫਿਰ ਇਹ ਨਾ ਆਖਿਓ "ਮਾਪਿਆਂ ਨੇ ਧੱਕੇ ਨਾਲ, ਮੇਰੀ ਮਰਜੀ ਤੋਂ ਬਿਨਾਂ ਵਿਆਹ ਕਰ ਦਿੱਤਾ ਹੈ। ਮੈਂ ਬਹੁਤ ਦੁਖੀ ਹਾਂ"।

ਇੱਕ ਪ੍ਰਤੱਖ ਪ੍ਰਮਾਣ ਹੈ: ਇੱਕ ਲੜਕੇ ਲੜਕੀ ਦਾ ਆਪਸ ਵਿੱਚ ਪਿਆਰ ਸੀ। ਉਹਨਾਂ ਨੇ ਵਿਆਹ ਦੇ ਵਾਅਦੇ ਵੀ ਕੀਤੇ ਸੀ। ਲੜਕੇ ਦਾ ਵਿਆਹ: ਉਸ ਦੇ ਮਾਤਾ ਪਿਤਾ ਨੇ ਉਸ ਦੀ ਮਰਜੀ ਵਿਰੁੱਧ ਕਰ ਦਿੱਤਾ। ਲੜਕੇ ਨੇ ਜਿਸ ਲੜਕੀ ਨਾਲ, ਵਿਆਹ ਕਰਨ ਦਾ ਵਾਅਦਾ ਕੀਤਾ ਸੀ; ਉਹ ਦੇਖਦੀ ਹੀ ਰਹੀ ਗਈ।

ਵਿਆਹ ਕਰਵਾਉਣ ਤੋਂ ਕੁਝ ਦਿਨ ਬਾਅਦ, ਉਹੋ ਹੀ ਲੜਕਾ ਉਸੇ ਲੜਕੀ ਨੂੰ ਕਹਿੰਦਾ "ਮੈਂ ਆਪਣੀ ਵਿਆਹੀ ਹੋਈ ਪਤਨੀ ਨੂੰ ਛੱਡ ਦਿੰਦਾ ਹਾਂ। ਹੁਣ ਮੈਂ ਤੇਰੇ ਨਾਲ ਵਿਆਹ ਕਰਵਾ ਲੈਂਦਾ ਹਾਂ"। ਉਹ ਲੜਕੀ ਨੇ ਮੈਨੂੰ ਪੁੱਛਿਆ, ਤਾਂ ਮੈਂ ਕਿਹਾ "ਹੁਣ ਉਸ ਨਾਲ ਵਿਆਹ ਬਿਲਕੁਲ ਨਾ ਕਰੀਂ। ਐਸਾ ਕਰ ਕੇ, ਤੁਸੀਂ ਦੋ ਪਰਿਵਾਰ ਉਜਾੜੋ ਗੇ। ਜਿਹੜਾ ਪਹਿਲਾਂ 'ਨਾਂਹ' ਨਹੀਂ ਕਰ ਸਕਿਆ, ਹੁਣ ਉਹ ਕੀ ਕਰੇਗਾ?" ਕਈ ਵਾਰ ਅਜਿਹੇ ਹਾਲਾਤ ਬਣਦੇ ਹਨ। ਐਸੇ ਗੰਭੀਰ ਹਾਲਾਤਾਂ ਵਿੱਚ ਵਿਚਾਰਵਾਨ ਬਣ ਕੇ, ਸ਼ਾਂਤ ਰਹਿੰਦੇ ਹੋਏ ਸੰਭਲਣ ਦੀ ਲੋੜ ਹੈ। ਮੈਂ ਫਿਰ ਉਸੇ ਗੱਲ ਉੱਤੇ ਹੀ ਜੋਰ ਦੇ ਰਿਹਾ ਹਾਂ: ਵਿਆਹ ਤੋਂ ਪਹਿਲੋਂ ਕੋਸ਼ਿਸ਼ ਕਰੋ ਕਿ ਤੁਸੀਂ ਕਿਸੇ ਨਾਲ ਸੰਗ ਨਾ ਕਰੋ, ਸਰੀਰਕ ਸੰਬੰਧ ਨਾ ਬਣਾਓ। ਕੁਆਰੇ ਰਹੋ ਅਤੇ ਵਿਆਹ ਤੋਂ ਬਾਅਦ ਵੀ ਇੱਕੋ ਪਤੀ ਪਤਨੀ ਤੱਕ ਹੀ ਆਪਣੇ ਸੰਬੰਧ ਰੱਖੋ। ਇੰਟਰਨੈਟ, ਮੋਬਾਈਲ, ਟੀ.ਵੀ. ਦੇ ਇਸ ਯੁੱਗ ਵਿੱਚ ਕਾਮ ਇੱਛਾ ਨੂੰ ਇੰਨਾਂ ਉਤਸਾਹਿਤ ਕੀਤਾ ਜਾਂਦਾ ਹੈ ਕਿ ਯੁਵਕਾਂ ਲਈ ਵਿਆਹ ਤਕ ਕੁੰਵਾਰੇ ਰਹਿਣਾ ਅਸੰਭਵ ਜਿਹਾ ਹੈ।

# ਲੜਕੇ ਦੇ ਕੁਝ ਜਰੂਰੀ ਕਰਤੱਵ।

ਲੜਕੇ ਨੂੰ ਵਿਆਹ ਤੋਂ ਪਹਿਲੋਂ ਪਤਾ ਹੋਣਾ ਚਾਹੀਦਾ ਹੈ ਕਿ ਵਿਆਹ ਤੋਂ ਬਾਅਦ, ਉਸ ਦਾ ਕਰਤੱਵ ਬਣ ਜਾਣਾ ਹੈ ਕਿ ਆਪਣੇ ਪਰਿਵਾਰ ਨਾਲ, ਘਰ ਵਿੱਚ ਆਈ ਆਪਣੀ ਪਤਨੀ ਦਾ ਸਹਿਚਾਰ ਬਣਵਾਵੇ ਅਤੇ ਉਸ ਸਹਿਚਾਰ ਨੂੰ ਲਗਾਤਾਰ ਪ੍ਰੇਮ ਪੂਰਵਕ ਬਣਾਈ ਵੀ ਰੱਖੇ। ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਈ ਵਾਰੀ ਘਰ ਵਿੱਚ ਆਈ ਪਤਨੀ ਨਾਲ (ਜਿਸ ਨੂੰ ਮਾਤਾ ਅਤੇ ਭੈਣ ਨੇ ਭਾਵੇਂ ਕਿੰਨੇ ਚਾਅ ਨਾਲ ਵੀ ਵਿਆਹ ਕੇ ਲਿਆਂਦਾ ਹੋਵੇ) ਪਤਨੀ ਦੀ ਸੱਸ ਅਤੇ ਨਨਾਣ; ਦੋਵੇਂ ਹੀ ਈਰਖਾ ਕਰ ਸਕਦੀਆਂ ਹਨ। ਜਰੂਰੀ ਨਹੀਂ ਕਿ ਈਰਖਾ ਕਰਨਗੀਆਂ ਹੀ; ਪਰੰਤੂ, ਕਰ ਸਕਦੀਆਂ ਹਨ।



ਜਿਸ ਦੇ ਕਈ ਕਾਰਨ ਹੁੰਦੇ ਹਨ। ਇੱਕ ਤਾਂ, ਜਿਹੜਾ ਸਮਾਂ ਲੜਕਾ ਆਪਣੀ ਮਾਤਾ ਜਾਂ ਭੈਣ ਨਾਲ ਬਿਤਾਉਂਦਾ ਸੀ, ਉਹਨਾਂ ਦੇ ਹੱਥੋਂ ਉਹ ਸਮਾਂ ਚਲਾ ਗਿਆ। ਲੜਕਾ, ਪਤਨੀ ਦੇ ਕੋਲ ਸੌਣ ਲੱਗ ਪਿਆ, ਰੋਟੀ ਪਤਨੀ ਦੇ ਹੱਥੋਂ ਖਾਣ ਲੱਗ ਪਿਆ ਅਤੇ ਘਰ ਦੀ ਕੁਝ ਚੌਧਰ ਵੀ ਪਤਨੀ ਦੇ ਹੱਥ ਜਾਣ ਦਾ ਅਤੇ ਆਪਣੇ ਹੱਥੋਂ ਖੁਸਣ ਦਾ; ਸੱਸ ਅਤੇ ਨਨਾਣ ਨੂੰ ਅਚੇਤ ਮਨ ਵਿੱਚ ਹੀ ਦੁੱਖ ਹੁੰਦਾ ਹੈ। ਸੱਸ ਅਤੇ ਨਨਾਣ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਦੋਂ ਈਰਖਾ ਦੀ ਭਾਵਨਾ ਵਿੱਚ ਗ੍ਰਸਤ ਹੋ ਕੇ: ਚਾਅ ਨਾਲ ਲਿਆਂਦੀ ਹੋਈ ਘਰ ਦੀ ਨੂੰਹ ਨਾਲ ਈਰਖਾ ਕਰਨ ਲੱਗ ਪਈਆਂ ਹਨ "**ਈਰਖਾ ਅਰੁ ਉਚਾਟੁ ਏ ਦੋਊ ਜੰਗ ਜੋਧਾ ਸੂਰ**" (ਪਾ.੧੦)। ਐਸੇ ਸਮੇਂ ਉੱਪਰ, ਜਦੋਂ ਸੱਸ ਅਤੇ ਨਨਾਣ, ਨਵੀਂ ਆਈ ਨੂੰਹ ਨਾਲ ਈਰਖਾ ਕਰਦੀਆਂ ਹਨ; ਤਾਂ ਕਈ ਵਾਰੀ ਆਪਸ ਵਿੱਚ ਇਕੱਠੀਆਂ ਵੀ ਹੋ ਜਾਂਦੀਆਂ ਹਨ ਅਤੇ ਪਤੀ ਪਤਨੀ ਨੂੰ ਬੜੇ ਸ਼ੜਯੰਤਰ ਰਚ ਕੇ, ਆਪਸ ਵਿੱਚ ਲੜਵਾਉਂਦੀਆਂ ਵੀ ਹਨ। ਉਹਨਾਂ ਚਾਲਾਂ ਤੋਂ ਬਚਣ ਦੀ ਲੋੜ ਹੈ ਅਤੇ ਘਰ ਦਾ ਮਾਹੌਲ ਠੀਕ ਰੱਖਣ ਵਾਸਤੇ ਬੜੇ ਸੁੰਦਰ ਢੰਗ ਅਪਣਾ ਕੇ; ਆਪਣੇ ਮਾਤਾ ਅਤੇ ਭੈਣ ਨੂੰ ਵੀ ਥਾਂ ਪਰ ਥਾਂ ਸਤਿਕਾਰ ਦੇ ਕੇ,

ਆਪਸੀ ਸੰਬੰਧ ਵਧੀਆ ਬਣਾ ਕੇ ਰੱਖਣ ਦੀ ਲੋੜ ਹੈ। ਇਸ ਸਮੇਂ ਉੱਤੇ, ਲੜਕੇ ਨੂੰ ਆਪਣੀ ਭੈਣ ਅਤੇ ਮਾਤਾ ਨੂੰ ਪ੍ਰੇਮ ਸਹਿਤ ਸਮਝਾਉਣ ਦੀ ਲੋੜ ਹੈ ਅਤੇ ਆਪਣੀ ਪਤਨੀ ਦਾ ਸਹੀ ਪੱਖ ਵੀ ਲੈਣ ਦੀ ਲੋੜ ਹੈ। ਐਸੇ ਨੀਤੀਵਾਨ ਪਤੀ ਵਾਸਤੇ ਹੀ ਕਬੀਰ ਜੀ ਨੇ ਲਿਖਿਆ ਹੈ "**ਹਮਰੋ ਭਰਤਾ ਬਡੋ ਬਿਬੇਕੀ**" (ਪੰਨਾ 476)। ਅਰਥਾਤ: ਮੇਰਾ ਪਤੀ ਅਤਿ ਵਿਚਾਰਵਾਨ ਅਤੇ ਸੂਝਵਾਨ ਹੈ।

ਪਤੀ ਨੂੰ ਚਾਹੀਦਾ ਹੈ ਕਿ ਆਪਣੀ ਮਾਤਾ ਅਤੇ ਭੈਣ ਨੂੰ ਪੁੱਛ ਲਵੇ: ਤੁਸੀਂ ਮੇਰੀ ਪਤਨੀ ਨੂੰ ਘਰ ਵਿੱਚ ਕਿੰਨੇ ਕੁ ਹੱਕ ਦੇਵੋ ਗੇ? ਉਸ ਨੂੰ ਕਿੰਨੀ ਕੁ ਨੋਕਾ ਟੋਕੀ ਕਰੋ ਗੇ? ਉਸ ਨੂੰ ਕਿੰਨੇ ਕੁ ਤਾਹਨੇ ਮਿਹਣੇ ਦੇਵੋ ਗੇ? ਆਪਣੀ ਭੈਣ ਅਤੇ ਮਾਤਾ ਨਾਲ ਇਹ ਗੱਲਾਂ ਸਪੱਸ਼ਟ ਕਰਨੀਆਂ ਅਤਿਅੰਤ ਆਵਸ਼ਕ ਹਨ। ਕਿਉਂ ਕਿ, ਪਿਤਾ ਨਾਲ ਤਾਂ ਨੂੰਹ ਦਾ ਵਾਸਤਾ ਘੱਟ ਹੀ ਪੈਂਦਾ ਹੈ। ਸੱਸ ਅਤੇ ਨਨਾਣ ਨਾਲ ਹੀ ਵਾਸਤਾ ਪੈਂਦਾ ਹੈ। ਆਮ ਤੌਰ ਉੱਤੇ, ਉਹਨਾਂ ਦੋਵਾਂ ਨੇ ਘਰ ਦੇ ਵਿੱਚ, ਪਤਨੀ ਨੂੰ ਹੱਕ ਨਹੀਂ ਦੇਣੇ ਹੁੰਦੇ। ਉਹਨਾਂ ਨੂੰ ਆਪਣੇ ਹੱਕ ਖੁਸਦੇ ਜਾਪਦੇ ਨੇ, ਜਿਸ ਦਾ ਉਹਨਾਂ ਨੂੰ ਅਚੇਤ ਮਨ ਵਿੱਚ ਹੀ ਬਹੁਤ ਡਰ ਹੁੰਦਾ ਹੈ। ਕਈ ਵਾਰੀ ਉਹਨਾਂ ਨੂੰ ਤਾਹਨੇ ਮਿਹਣੇ ਦੇਣ ਦਾ, ਨੋਕਾ ਟੋਕੀ ਕਰਨ ਦਾ ਇੱਕ ਸੁਭਾਅ ਬਣਿਆ ਹੁੰਦਾ ਹੈ:

ਜੋ ਹਟਾਉਣਾ ਉਹਨਾਂ ਵਾਸਤੇ ਬੜਾ ਔਖਾ ਹੁੰਦਾ ਹੈ। ਉਹ ਨੋਕਾ ਟੋਕੀ ਅਤੇ ਤਾਹਨੇ ਮਿਹਣੇ: ਪਤਨੀ ਨੂੰ ਜਰਨੇ ਔਖੇ ਹੋ ਜਾਂਦੇ ਹਨ। ਜਿਸ ਤੋਂ ਤੰਗ ਆ ਕੇ ਸਾਰੇ ਪਰਿਵਾਰ ਵਿੱਚ ਕਲੇਸ਼ ਵੱਧ ਜਾਂਦਾ ਹੈ **"ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ, ਨਾਤੁਰ ਅਚੇਤ ਪਸੁ ਪ੍ਰੇਤ ਹੂ ਮੈ ਏਕ ਹੈ"** (ਭਾਈ ਗੁਰਦਾਸ ਜੀ)। ਅਰਥਾਤ: ਜੋ ਮਨੁੱਖ, ਵਿਚਾਰ ਕੇ ਮੂੰਹੋਂ ਗੱਲ ਕੱਢਦਾ ਹੈ; ਉਹ ਹੀ ਤਰਕਸ਼ੀਲ ਗਿਆਨਵਾਨ ਹੈ। ਵਿਵੇਕ ਤੋਂ ਬਿਨਾਂ ਬੋਲਣ ਵਾਲਾ ਮਨੁੱਖ; ਪਸ਼ੂ, ਪ੍ਰੇਤ ਜੈਸਾ ਹੀ ਹੈ।



ਕਈ ਵਾਰੀ ਪਤਨੀ ਵੀ ਆਪਣੇ ਪਤੀ ਨੂੰ, ਕੇਵਲ ਆਪਣੇ ਤੱਕ ਸੀਮਿਤ ਰੱਖਣ ਵਾਸਤੇ: ਚੁਗਲੀ ਕਰ ਕੇ, ਝੂਠ ਬੋਲ ਕੇ; ਕਿਸੇ ਢੰਗ ਨਾਲ ਉਸਦੀ ਮਾਤਾ ਜਾਂ ਭੈਣ ਨਾਲ ਲੜਾਉਣ ਦੀ ਕੋਸ਼ਿਸ਼ ਕਰਦੀ ਹੈ। ਸੋ, ਐਸੀ ਚਾਲ ਤੋਂ ਵੀ ਬਚਣ ਦੀ ਲੋੜ ਹੁੰਦੀ ਹੈ। ਉਸ ਚਾਲ ਤੋਂ ਬਚਣ ਦੀ ਵੀ

ਜਾਚ ਹੋਣੀ ਚਾਹੀਦੀ ਹੈ। ਕਿਉਂ ਕਿ, ਇਹ ਸਮਾਂ ਅਤਿਅੰਤ ਔਖਾ ਹੁੰਦਾ ਹੈ। ਅਸਲ ਵਿੱਚ ਲੜਕਾ ਸੋਚ ਹੀ ਨਹੀਂ ਸਕਦਾ ਕਿ ਉਸ ਦੀ ਮਾਤਾ, ਭੈਣ ਜਾਂ ਪਤਨੀ ਚਾਲ ਚੱਲ ਕੇ, ਉਸ ਨੂੰ ਚੁਗਲੀ ਕਰ ਕੇ ਲੜਵਾ ਵੀ ਸਕਦੀਆਂ ਹਨ। ਲੜਕਾ ਉਹਨਾਂ ਉੱਤੇ ਬੇਵਿਸ਼ਵਾਸੀ/ਸ਼ੱਕ ਵੀ ਨਹੀਂ ਕਰ ਸਕਦਾ। ਉਸ ਨੂੰ ਮਾਤਾ, ਭੈਣ ਅਤੇ ਪਤਨੀ ਉੱਤੇ ਥੋੜਾ ਜਿਹਾ ਸ਼ੱਕ ਕਰਨ ਦੀ ਲੋੜ ਹੈ ਅਤੇ ਫਿਰ ਚੱਲੀ ਜਾ ਰਹੀ ਚਾਲ ਨੂੰ ਨਿਕਾਰਨ ਦੀ ਵੀ ਲੋੜ ਹੈ; ਤਾਂ ਜੋ ਅੱਗੋਂ ਨੂੰ ਹੋਰ ਚਾਲਾਂ ਨਾ ਚੱਲੀਆਂ ਜਾ ਸਕਣ।

# ਪਰਿਵਾਰਿਕ ਚਾਲਾਂ ਤੋਂ ਸਾਵਧਾਨ ਕਿਵੇਂ ਰਹਿਣਾ ਹੈ?

ਕਈ ਵਾਰੀ ਲੜਕੀ ਦੀ ਮਾਤਾ ਵੀ ਲੜਕੀ ਨੂੰ ਚੁੱਕਣਾ ਦੇ ਕੇ, ਲੜਕੀ ਦੀ ਚੌਧਰ ਆਪਣੇ ਜਵਾਈ ਦੇ ਘਰ ਵਿੱਚ ਬਣਾਉਣਾ ਚਾਹੁੰਦੀ ਹੈ। ਉਸ ਚਾਲ ਤੋਂ ਲੜਕੀ ਨੂੰ ਆਪ ਵੀ ਬਚਣਾ ਚਾਹੀਦਾ ਹੈ ਅਤੇ ਲੜਕੇ ਨੂੰ ਵੀ ਸੰਭਲਣਾ ਚਾਹੀਦਾ ਹੈ। ਕਈ ਵਾਰੀ ਮਿੱਤਰ ਅਤੇ ਆਂਢੀ ਗੁਆਂਢੀ ਵੀ ਪਤੀ ਪਤਨੀ ਨੂੰ ਲੜਾ ਕੇ, ਵਿੱਚ ਆਪਣਾ ਦਖਲ ਬਣਾਉਣਾ ਚਾਹੁੰਦੇ ਹਨ ਜਾਂ ਲੜਦੇ, ਉਜੜਦੇ ਪਰਿਵਾਰਾਂ ਦਾ ਤਮਾਸ਼ਾ ਵੇਖਣਾ ਚਾਹੁੰਦੇ ਹਨ। ਉਹਨਾਂ ਤੋਂ ਵੀ ਬਚਣ ਦੀ ਲੋੜ ਹੈ। ਜਿਸ ਵਾਸਤੇ ਥੋੜਾ ਜਿਹਾ ਸ਼ੱਕ ਹਰ ਇੱਕ ਉੱਤੇ ਕਰਨ ਦੀ ਆਦਤ ਬਣਾਉਣੀ ਚਾਹੀਦੀ ਹੈ। ਉਨ੍ਹਾਂ ਚੱਲੀਆਂ ਜਾ ਰਹੀਆਂ ਚਾਲਾਂ ਨੂੰ ਰੋਕਦਿਆਂ ਹੋਇਆਂ, ਆਪਣੇ ਸਾਰੇ ਪਰਿਵਾਰ ਨੂੰ ਪ੍ਰੇਮ ਨਾਲ ਸਮਝਾਉਣ ਦੀ ਵੀ ਲੋੜ ਹੈ। ਵਿਆਹ ਤੋਂ ਪਹਿਲਾਂ ਲੜਕਾ ਲੜਕੀ ਦੋਵੇਂ ਸੋਚੇ! ਜੇ ਲੋੜ ਪਵੇ ਤਾਂ: ਕੀ ਇਹ ਸਾਰਾ ਕੁਝ ਆਪਾਂ ਕਰ ਸਕਾਂ ਗੇ? ਭਾਵ: ਚੱਲੀਆਂ ਜਾ ਰਹੀਆਂ ਚਾਲਾਂ ਤੋਂ ਸੁਚੇਤ ਹੋ ਕੇ, ਆਪਾਂ ਇਕੱਠੇ ਰਹਿ ਸਕਾਂ ਗੇ? ਆਪਸ ਵਿੱਚ ਲੜਾਂਗੇ ਤਾਂ ਨਹੀਂ? ਵਿਆਹ ਕਰਵਾਉਣ ਤੋਂ ਪਹਿਲੋਂ

ਚੰਗੀ ਤਰ੍ਹਾਂ ਵਿਚਾਰ ਕਰ ਲਓ। ਕਈ ਵਾਰੀ ਪਤਨੀ ਨੂੰ ਤੰਗ ਕਰਨ ਵਾਸਤੇ, ਉਸ



ਦਾ ਪਤੀ ਵੀ ਚਾਲਾਂ ਚੱਲਦਾ ਹੈ ਅਤੇ ਆਪਣੀ ਮਾਤਾ ਜਾਂ ਭੈਣ ਨਾਲ ਉਹ ਵੀ ਮਿਲ ਸਕਦਾ ਹੈ। ਇਸ ਕਰ ਕੇ, ਲੜਕੀ ਨੂੰ ਵੀ ਇਹ ਮੰਨ ਕੇ ਚਲਣਾ ਚਾਹੀਦਾ ਹੈ "ਸਹੁਰਾ ਪਰਿਵਾਰ ਮੇਰੇ ਨਾਲ ਐਸਾ ਮਾੜਾ ਵਿਹਾਰ ਕਰ ਸਕਦਾ ਹੈ। ਸਹੁਰਾ ਪਰਿਵਾਰ ਮੈਨੂੰ ਨੌਕਰਾਣੀ ਵੀ ਸਮਝ ਸਕਦਾ ਹੈ ਅਤੇ ਮੈਨੂੰ ਨੌਕਰਾਣੀ ਸਮਝ ਕੇ, ਲੋੜ ਤੋਂ ਵੱਧ ਕੰਮ ਕਰਵਾਉਣ ਵਾਸਤੇ ਜੋਰ ਪਾ ਸਕਦਾ ਹੈ"। ਜਿਹੜੀ ਸੱਸ ਅਤੇ ਨਨਾਣ: ਆਪਣੇ ਲੜਕੇ ਦੇ ਵਿਆਹ ਤੋਂ ਪਹਿਲੋਂ ਘਰ ਦਾ ਸਾਰਾ ਕੰਮ ਕਰਦੀਆਂ ਸੀ, ਉਹ ਵਿਆਹ ਤੋਂ ਬਾਅਦ ਕਹਿੰਦੀਆਂ ਹਨ "ਹੁਣ ਨੂੰਹ ਆ ਗਈ। ਅਸੀਂ ਕੰਮ ਕਿਉਂ ਕਰੀਏ"? ਲੜਕੀ ਨੂੰ ਇਹ ਵੀ ਧਿਆਨ ਰੱਖਣ ਦੀ ਲੋੜ ਹੈ: ਜੇ ਸਹੁਰੇ ਪਰਿਵਾਰ ਦਾ

ਕੋਈ ਇੱਕ ਜੀਅ ਜਾਂ ਬਹੁਤੇ ਜੀਅ ਮਿਲ ਕੇ, ਮੇਰੇ ਨਾਲ ਮਾੜਾ ਵਿਹਾਰ ਕਰਨ; ਤਾਂ ਮੈਂ ਉਹਨਾਂ ਚਾਲਾਂ ਤੋਂ ਕਿਵੇਂ ਬਚਣਾ ਹੈ। ਉਨ੍ਹਾਂ ਦੇ ਮਾੜੇ ਵਿਹਾਰ ਤੋਂ ਆਪਣਾ ਬਚਾਅ ਕਰ ਕੇ, ਆਪਣੇ ਪਤੀ ਨਾਲ ਸੁੱਖੀ ਸਾਂਦੀ ਕਿਵੇਂ ਵੱਸਣਾ ਹੈ। ਸਹੁਰੇ ਪਰਿਵਾਰ ਦੁਆਰਾ ਦਿੱਤੇ ਜਾ ਰਹੇ ਕਸ਼ਟਾਂ ਨੂੰ ਆਪਣੇ ਮਾਤਾ-ਪਿਤਾ ਨੂੰ ਦੱਸਣਾ ਹੈ, ਜਾਂ ਨਹੀਂ? ਜੇ ਦੱਸਣਾ ਹੈ, ਤਾਂ ਕਿੰਨਾ ਦੱਸਣਾ ਹੈ? ਕਿੰਨੇ ਕਸ਼ਟ ਚੁੱਪ ਰਹਿ ਕੇ ਸਹਿਣੇ ਹਨ? ਆਮ ਤੌਰ ਉੱਤੇ ਲੜਕੀ ਦੇ ਮਾਤਾ-ਪਿਤਾ ਉਸ ਨੂੰ ਇਹ ਸਿੱਖਿਆ ਦਿੰਦੇ ਹਨ ਕਿ ਤੂੰ ਸਹੁਰੇ ਘਰ ਦੀ ਕੋਈ ਗੱਲ ਨਹੀਂ ਕਰਨੀ। ਇਸ ਦੇ ਉਲਟ, ਕਈ ਲੜਕੀਆਂ ਛੋਟੀਆਂ-ਛੋਟੀਆਂ ਗੱਲਾਂ ਆਪਣੇ ਮਾਤਾ-ਪਿਤਾ ਨੂੰ ਦੱਸਦੀਆਂ ਰਹਿੰਦੀਆਂ ਹਨ। ਜਿਸ ਕਾਰਨ, ਉਹ ਆਪਣੇ ਜਵਾਈ ਦੇ ਘਰ ਝਗੜਾ ਕਰਦੇ ਹਨ। ਜਿਸ ਨਾਲ ਲੜਕੀ ਦਾ ਉਥੇ ਰਹਿਣਾ ਮੁਸ਼ਕਿਲ ਹੋ ਜਾਂਦਾ ਹੈ। ਇਹ ਜਰੂਰੀ ਨਹੀਂ ਕਿ ਸਹੁਰਾ ਪਰਿਵਾਰ ਮਾੜਾ ਵਿਹਾਰ ਕਰੇਗਾ ਹੀ; ਇਸ ਦੇ ਉਲਟ, ਸਹੁਰੇ ਪਰਿਵਾਰ ਤੋਂ ਬਹੁਤ ਪਿਆਰ ਵੀ ਮਿਲ ਸਕਦਾ ਹੈ ਅਤੇ ਕਈ ਵਾਰ ਮਿਲਦਾ ਵੀ ਹੈ। ਪ੍ਰੰਤੂ, ਥੋੜੀ ਜਿਹੀ ਸ਼ੱਕ ਦੀ ਗੁੰਜਾਇਸ਼ ਰੱਖਣੀ ਹੀ ਚਾਹੀਦੀ ਹੈ।

ਵੱਡੇ ਸੰਯੁਕਤ ਪਰਿਵਾਰ ਵਿੱਚ ਰਹਿਣ ਦੇ ਬਹੁਤ ਵੱਡੇ ਲਾਭ ਹਨ। ਪਰੰਤੂ, ਕਈ ਵਾਰੀ ਬਹੁਤ ਸਮੱਸਿਆਵਾਂ ਵੀ ਆ ਸਕਦੀਆਂ ਹਨ। ਕਿਉਂ ਕਿ, ਸੰਯੁਕਤ ਪਰਿਵਾਰ ਵਿੱਚ ਬਹੁਤੇ ਜੀਆਂ ਵਿੱਚ ਰਹਿੰਦਿਆਂ: ਵਿਚਾਰਾਂ ਦੇ ਮੱਤਭੇਦ, ਸੁਭਾਅ ਦੇ ਮੱਤਭੇਦ ਕਰ ਕੇ; ਆਪਸ ਵਿੱਚ ਨਰਾਜ਼ਗੀਆਂ ਹੋ ਜਾਂਦੀਆਂ ਹਨ। ਪਤਨੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਹੁਰੇ ਘਰ ਵਿੱਚ ਸਾਰਿਆਂ ਨਾਲ ਪ੍ਰੇਮ ਕਰੇ। ਆਪਣੇ ਪਤੀ ਨੂੰ ਪਰਿਵਾਰ ਤੋਂ ਵੱਖ ਹੋਣ ਲਈ ਉਤਸ਼ਾਹਿਤ ਨਾ ਕਰੇ। ਬਲਕਿ, ਆਪਣੇ ਪਤੀ ਨੂੰ ਪ੍ਰੇਰਿਤ ਕਰ ਕੇ, ਸੰਯੁਕਤ ਪਰਿਵਾਰ ਵਿੱਚ ਰਹਿਣ ਲਈ ਉਤਸ਼ਾਹਿਤ ਕਰੇ।

# ਜਵਾਈ ਦੇ ਕਰਤੱਵ:

ਸਾਡੇ ਭਾਰਤੀ ਸਮਾਜ ਵਿੱਚ ਜਵਾਈ ਨੂੰ ਧੀ ਨਾਲੋਂ ਵੱਧ ਮਾਣ-ਸਨਮਾਨ ਸਹੁਰੇ ਘਰ ਵਿੱਚ ਮਿਲਦਾ ਹੈ। ਪਰੰਤੂ, ਜਵਾਈ ਨੂੰ ਸਹੁਰੇ ਘਰ ਵਿੱਚ ਆਪਣੇ ਆਪ ਨੂੰ 'ਵਿਸ਼ੇਸ਼ ਮਹਿਮਾਨ' ਸਮਝਣ ਦੀ ਬਜਾਇ, ਘਰ ਦਾ 'ਪੁੱਤਰ' ਮੰਨ ਕੇ ਹੀ ਵਿਚਰਨਾ ਚਾਹੀਦਾ ਹੈ। ਜਿੰਨਾਂ ਸਤਿਕਾਰ ਅਤੇ ਪਿਆਰ ਲੜਕਾ ਆਪਣੇ ਮਾਤਾ-ਪਿਤਾ ਅਤੇ ਪਰਿਵਾਰ ਦੇ ਸਦੱਸਯਾਂ ਨੂੰ ਦਿੰਦਾ ਹੈ, ਉਨਾਂ ਹੀ ਸਤਿਕਾਰ ਅਤੇ ਪਿਆਰ ਆਪਣੀ ਪਤਨੀ ਦੇ ਪਰਿਵਾਰ ਨੂੰ ਵੀ ਦੇਵੇ।

ਲੜਕੇ ਦਾ ਆਪਣੇ ਸਹੁਰੇ ਪਰਿਵਾਰ ਸੰਬੰਧੀ ਸਭ ਤੋਂ ਜਰੂਰੀ ਕਰਤੱਵ ਹੈ ਕਿ ਉਹ ਆਪਣੇ ਸਹੁਰਿਆਂ ਨੂੰ ਭਰੋਸਾ ਦਿਵਾਵੇ ਕਿ ਉਹ ਉਹਨਾਂ ਦੀ ਧੀ ਨੂੰ ਖੁਸ਼ ਰੱਖਦਾ ਹੈ। ਜੇ ਕਿਸੇ ਕਾਰਣ, ਲੜਕੇ ਦਾ ਸਹੁਰਾ-ਪਰਿਵਾਰ ਕਿਸੇ ਸਮੱਸਿਆ ਨਾਲ ਜੂਝ ਰਿਹਾ ਹੋਵੇ; ਤਾਂ ਆਪਣੀ ਪਤਨੀ ਨੂੰ ਤਾਨੇ-ਮਿਹਣੇ ਦੇਣ ਦੀ ਬਜਾਇ, ਸਹੁਰੇ ਪਰਿਵਾਰ ਵਿੱਚ ਆਈ ਸਮੱਸਿਆ ਸਮੇਂ, ਜਵਾਈ ਦੀ ਥਾਂ ਪੁੱਤਰ ਬਣ ਕੇ, ਉਹਨਾਂ ਨਾਲ ਹਰ ਤਰ੍ਹਾਂ ਤਨੋਂ-ਮਨੋਂ ਸਹਿਯੋਗ ਕਰੇ।

# ਵਿਆਹ ਤੋਂ ਪਹਿਲੋਂ ਲੈਣ ਯੋਗ ਨਿਰਣੇ।

ਜਦੋਂ ਲੜਕੇ, ਲੜਕੀ ਦਾ ਵਿਆਹ ਹੁੰਦਾ ਹੈ: ਭਾਵੇਂ ਵਿਆਹ ਤਾਂ ਉਹਨਾਂ ਦੋ ਜੀਆਂ ਦਾ ਹੀ ਹੁੰਦਾ ਹੈ, ਪਰ ਪਤੀ ਪਤਨੀ ਬਣਨ ਉਪਰੰਤ ਦੋਵਾਂ ਪਾਸਿਆਂ ਦੇ ਮਾਤਾ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਨਾਲ ਵੀ ਮੇਲ ਮਿਲਾਪ ਹੋਣਾ ਸ਼ੁਰੂ ਹੋ ਜਾਂਦਾ ਹੈ; ਜੋ ਕਰਨਾ ਜ਼ਰੂਰੀ ਵੀ ਹੈ। ਕਿਉਂਕਿ, ਸਮਾਜ ਤਾਂ ਪਰਿਵਾਰਾਂ ਦੇ ਮੇਲ ਤੋਂ ਹੀ ਬਣਦਾ ਹੈ। ਵਿਆਹ ਤੋਂ ਪਹਿਲਾਂ ਵਿਚਾਰ ਕਰੋ: ਕੀ ਤੁਸੀਂ ਆਪਣੇ ਜੀਵਨ ਸਾਥੀ ਦੇ ਰਿਸ਼ਤੇਦਾਰਾਂ ਨਾਲ ਮੇਲ ਮਿਲਾਪ ਕਰਨਾ ਪਸੰਦ ਕਰੋ ਗੇ? ਜਾਂ, ਨੱਕ ਮੂੰਹ ਵੱਟੋ ਗੇ ਅਤੇ ਤਾਹਨੇ ਮਿਹਣੇ ਦਿੰਦੇ ਰਹੋ ਗੇ?

ਮੁੱਖ ਰੂਪ ਵਿੱਚ, ਜਦੋਂ ਲੜਕੀ ਦੇ ਮਾਤਾ ਪਿਤਾ ਜਾਂ ਰਿਸ਼ਤੇਦਾਰ: ਲੜਕੀ ਦੇ ਸਹੁਰੇ ਘਰ ਆਉਂਦੇ ਹਨ, ਤਾਂ ਉਹਨਾਂ ਨੂੰ ਨੀਵਾਂ ਸਮਝਿਆ ਜਾਂਦਾ ਹੈ, ਬੋਝ ਸਮਝਿਆ ਜਾਂਦਾ ਹੈ; ਜੋ ਉਹਨਾਂ ਨੂੰ ਨਹੀਂ ਸਮਝਣਾ ਚਾਹੀਦਾ। ਲੜਕੇ ਨੂੰ ਆਪਣੇ ਮਾਤਾ ਪਿਤਾ ਨਾਲ ਵਿਚਾਰ ਕਰ ਕੇ ਪੂਰੀ ਤਰ੍ਹਾਂ ਸਪੱਸ਼ਟ ਹੋਣ ਦੀ ਲੋੜ ਹੈ: ਕੀ ਉਹ ਲੜਕੀ ਦੇ ਮਾਤਾ ਪਿਤਾ ਨੂੰ, ਘਰ ਆਉਣ ਉੱਤੇ ਪੂਰਾ ਸਤਿਕਾਰ ਦੇਣਗੇ? ਕੀ ਲੜਕਾ ਵੀ ਉਹਨਾਂ ਨੂੰ ਮਾਤਾ ਪਿਤਾ ਵਰਗਾ ਸਤਿਕਾਰ ਦੇਵੇਗਾ; ਭਾਵੇਂ ਉਹ ਗਰੀਬ ਪਰਿਵਾਰ ਤੋਂ ਹੀ

ਹੋਣ? ਜਾਂ, ਉਹਨਾਂ ਨੂੰ ਲੜਕੀ ਵਾਲੇ ਸਮਝ ਕੇ, ਸਦਾ ਨੀਵਾਂ ਹੀ ਸਮਝਿਆ ਜਾਵੇਗਾ?



ਪਤੀ ਵਾਸਤੇ ਜਰੂਰੀ ਹੈ, ਇਹ ਨਿਰਣੇ ਵਿਆਹ ਤੋਂ ਪਹਿਲੋਂ ਲਵੇ: ਵਿਆਹ ਤੋਂ ਉਪਰੰਤ, ਕੀ ਤੁਸੀਂ ਆਪਣੇ ਮਾਤਾ ਪਿਤਾ ਦੇ ਨਾਲ ਰਵੋ ਗੇ ਜਾਂ ਵੱਖਰੇ ਰਵੋ ਗੇ? ਕੀ ਤੁਹਾਡੀ ਪਤਨੀ ਇਸ ਗੱਲ ਉੱਤੇ ਸਹਿਮਤ ਹੋਵੇ ਗੀ ਕਿ ਮਾਤਾ ਪਿਤਾ ਦੇ ਨਾਲ ਰਹਿਣਾ ਹੈ? ਨਨਾਣ ਅਤੇ ਸੱਸ ਦੀ ਨੋਕ ਟੋਕ ਝੱਲਣੀ ਹੈ? ਕੀ ਤੁਹਾਡੀ ਪਤਨੀ ਤੁਹਾਡੇ ਬਿਰਧ ਮਾਤਾ ਪਿਤਾ ਦੀ ਸੇਵਾ ਕਰਨੀ ਪਸੰਦ ਕਰੇ ਗੀ? ਕੀ ਤੁਸੀਂ ਦੋਵੇਂ ਜਣੇ; ਮਾਤਾ ਪਿਤਾ ਨੂੰ ਆਪਣੇ ਘਰ ਵਿੱਚ ਰੱਖ ਕੇ, ਹੱਥੀ ਸਾਂਭ ਸੰਭਾਲ ਕਰੋ ਗੇ? ਜਾਂ, ਬਿਰਧ ਸ਼ਾਲਾ ਵਿੱਚ ਭੇਜੋ ਗੇ?

# ਧੋਖੇ ਸਮੇਂ ਕਿਵੇਂ ਸੰਭਲਣਾ ਹੈ?



ਅੱਜ ਕੱਲ, ਬਹੁਤ ਸਾਰੇ ਪਤੀ ਪਤਨੀ ਦੋਵੇਂ ਹੀ ਘਰੋਂ ਬਾਹਰ; ਵਪਾਰ ਜਾਂ ਨੌਕਰੀ ਕਰਨ ਵਾਸਤੇ ਜਾਂਦੇ ਹਨ। ਬਾਹਰ ਗਿਆਂ ਹੋਇਆਂ, ਕਈ ਵਾਰੀ ਉਹਨਾਂ ਦਾ ਮਨ ਭਰਮ ਕੇ, ਕਿਸੇ ਬੇਗਾਨੇ ਇਸਤਰੀ ਜਾਂ ਪੁਰਸ਼ ਨਾਲ ਸੰਬੰਧ ਹੋ ਸਕਦਾ ਹੈ "**ਜੈਸੀ ਪਰ ਪੁਰਖਾ ਰਤ ਨਾਰੀ**" (ਪੰਨਾ 1164)। ਜਿੰਨਾਂ ਪਰ-ਇਸਤਰੀ ਜਾਂ ਪਰ-ਪੁਰਸ਼ ਨਾਲ ਪਿਆਰ ਹੁੰਦਾ ਹੈ; ਉਨਾਂ ਘਰ ਵਿੱਚ ਨਹੀਂ ਹੁੰਦਾ। ਜੇ ਕਦੀ ਐਸੇ ਹਾਲਾਤ ਬਣ ਜਾਣ ਤਾਂ, ਉਹਨਾਂ ਹਾਲਾਤਾਂ ਨੂੰ ਕਿਵੇਂ ਨਜਿੱਠਣਾ ਹੈ ਅਤੇ ਫੇਰ ਆਪਣਾ ਜੀਵਨ ਕਿਵੇਂ ਸੁਖੀ ਚਲਾਉਣਾ ਹੈ?

ਜਦੋਂ ਤੁਹਾਡਾ ਜੀਵਨ ਸਾਥੀ ਤੁਹਾਨੂੰ ਕਿਸੇ ਪ੍ਰਕਾਰ ਦਾ ਵੱਡਾ

ਧੋਖਾ ਦੇਵੇ "**ਅਸ ਦ੍ਰੋਹ ਨਾਮ ਜੋਧਾ ਬਡੋ, ਅਤਿ ਪ੍ਰਭਾਵ ਤਿਹ ਜਾਨੀਐ**" (ਪ. ੧੦) ਦ੍ਰੋਹ= ਧੋਖਾ। ਜਾਂ, ਤੁਸੀਂ ਇਹ ਸਮਝ ਲਓ ਕਿ ਉਸ ਨੇ ਧੋਖਾ ਦਿੱਤਾ ਹੈ, ਉਸ ਨੇ ਭਾਵੇਂ ਨਾ ਵੀ ਦਿੱਤਾ ਹੋਵੇ: ਉਦੋਂ ਤੁਸੀਂ ਕ੍ਰੋਧ ਵਿੱਚ ਆ ਕੇ ਕੀ ਕਰੋ ਗੇ? "**ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਸਦਾ ਦੁਖੁ ਪਾਇ**" (ਮ. ੩)। ਜਦੋਂ ਅੰਦਰ ਬਹੁਤ ਜਿਆਦਾ ਕ੍ਰੋਧ ਹੋਵੇ, ਉਦੋਂ ਬੜਾ ਸਾੜਾ ਹੁੰਦਾ ਹੈ। ਜਦੋਂ ਜੀਵਨ ਸਾਥੀ ਦੇ ਧੋਖੇ ਦੀ ਤੁਹਾਡੇ ਮਨ ਵਿੱਚ ਇੱਕ ਗੰਢ ਬੱਝ ਗਈ; ਫਿਰ ਕੀ ਉਦੋਂ ਤੁਸੀਂ ਆਤਮ ਘਾਤ ਕਰੋ ਗੇ? ਜਾਂ, ਆਪਣੇ ਜੀਵਨ ਸਾਥੀ ਨਾਲ ਮਾਰ ਕੁਟਾਈ ਕਰੋ ਗੇ, ਜਾਂ ..? ਜਾਂ, ਤਲਾਕ ਦੇਣ ਵੱਲ ਤੁਰ ਪਵੋ ਗੇ? ਜਾਂ, ਉਸ ਧੋਖੇ ਵਾਲੀ ਘਟਨਾ ਨੂੰ ਅਣਡਿਠ ਕਰ ਕੇ ਸ਼ਾਂਤ ਹੋ ਜਾਵੋ ਗੇ? "**ਸਾਂਤੀ ਵਿਚ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ**" (ਮ. ੩)। ਅਰਥ: ਜੋ ਵਿਅਕਤੀ ਸ਼ਾਂਤ ਮਨ ਨਾਲ ਕਾਰਜ ਕਰਦਾ ਹੈ ; ਪ੍ਰਭੂ ਉਸ ਦਾ ਕਾਰਜ ਸਫਲ ਕਰਦਾ ਹੈ। ਜਾਂ, ਅੰਦਰੋਂ ਅੰਦਰ ਕੌੜਾ ਘੁੱਟ ਪੀ ਕੇ, ਜੀਵਨ ਸਾਥੀ ਨਾਲ ਪ੍ਰਸੰਨ ਰਹਿੰਦੇ ਹੋਏ; ਜੀਵਨ ਸਾਥ ਨਿਭਾਉਣ ਦਾ ਯਤਨ ਕਰੋ ਗੇ? "**ਬਿਨੁ ਏਕ ਸਾਂਤ ਸੁਨ ਰੇ ਨ੍ਰਿਪਤਿ ਸੁ**

**ਅਉਰ ਨ ਦੂਸਰ ਬਰਜਿ ਹੈ"** (ਪਾ. ੧੦) । ਕਿਉਂ ਕਿ, ਜਦੋਂ 'ਕ੍ਰੋਧ; ਨਾਮੀ ਸੂਰਮਾ ਆਕ੍ਰਮਣ ਕਰਦਾ ਹੈ; ਉਸ ਦੇ ਅੱਗੇ 'ਸ਼ਾਂਤੀ' ਨਾਮ ਦਾ ਸੂਰਮਾ ਹੀ ਡਟ ਸਕਦਾ ਹੈ ।

# ਅਤਿਅੰਤ ਵਿਸ਼ੇਸ਼:-



ਜਦੋਂ ਤੁਹਾਡੇ ਜੀਵਨ ਸਾਥੀ ਨੇ ਕੋਈ ਅਤਿਅੰਤ ਜਰੂਰੀ, ਅਤਿਅੰਤ ਲਾਭਕਾਰੀ, ਬਹੁਤ ਛੋਟੀ ਜਿਹੀ ਗੱਲ, ਕਈ ਵਾਰੀ ਕਹਿਣ ਉੱਤੇ ਵੀ ਨਾ ਮੰਨੀ: ਫਿਰ ਕੀ ਕਰੋਗੇ? ਜਿਸ ਛੋਟੀ ਜਿਹੀ ਅਤਿਅੰਤ ਜਰੂਰੀ ਗੱਲ ਕਰ ਕੇ, ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਬਹੁਤ ਵੱਡੀ ਹਾਨੀ ਵੀ ਪਹੁੰਚਦੀ ਹੋਵੇ, ਤੁਹਾਡੇ ਬਹੁਤ ਵਾਰੀ ਕਹਿਣ ਉੱਤੇ ਵੀ, ਤੁਹਾਡਾ ਜੀਵਨ ਸਾਥੀ ਉਸ ਛੋਟੀ ਜਿਹੀ ਅਤਿਅੰਤ ਲਾਭਕਾਰੀ ਗੱਲ ਨੂੰ ਜਦੋਂ ਨਾ ਮੰਨੇ। ਫਿਰ ਕੀ ਕਰੋਗੇ? ਇਹ ਵਿਸ਼ੇਸ਼ ਰੂਪ ਵਿੱਚ ਇਸ ਕਰ ਕੇ ਲਿਖ ਰਿਹਾ ਹਾਂ ਕਿ ਐਸਾ ਬਹੁਤ ਕੁਝ ਪਤੀ ਪਤਨੀ ਵਿੱਚ ਵਾਪਰਦਾ ਹੈ। ਉਦਾਹਰਣ: ਪਤੀ ਕਹਿੰਦਾ ਹੈ "ਬੱਚਿਆਂ ਨੂੰ ਘਰ ਦੇ ਛੋਟੇ ਛੋਟੇ ਕੰਮ ਕਰਨ ਲਾਓ"। ਪਤਨੀ, ਬੱਚਿਆਂ ਨੂੰ ਕੰਮ

ਕਰਨ ਨਹੀਂ ਲਾਉਂਦੀ। ਬੱਚੇ ਬੇਲੋੜੇ ਕੰਮਾਂ ਵਿੱਚ ਆਪਣਾ ਸਮਾਂ ਗਵਾਉਂਦੇ ਹਨ। ਪਤਨੀ ਕੰਮ ਕਰਨਾ ਸਿਖਾਉਂਦੀ ਨਹੀਂ, ਆਪ ਹੀ ਸਾਰੇ ਕੰਮ ਕਰੀ ਜਾਂਦੀ ਹੈ। ਜਿਸ ਕਰ ਕੇ, ਬੱਚਿਆਂ ਨੂੰ ਹੱਥੀ ਕੰਮ ਕਰਨ ਦੀ ਜਾਚ ਨਹੀਂ ਆਉਂਦੀ ਅਤੇ ਜਿੰਮੇਵਾਰੀ ਨਿਭਾਉਣ ਦੀ, ਆਦਤ ਵੀ ਨਹੀਂ ਬਣਦੀ। ਇਸ ਦਾ ਬੱਚਿਆਂ ਦੇ ਚਲਣ, ਆਚਰਣ ਅਤੇ ਭਵਿੱਖ ਉੱਪਰ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਐਸੇ ਹਾਲਾਤਾਂ ਵਿੱਚ ਕੀ ਕਰੋਗੇ?

ਇਸੇ ਹੀ ਤਰ੍ਹਾਂ, ਜੇ ਬੱਚੇ ਹਰ ਵੇਲੇ ਕਾਰਟੂਨ ਵੇਖੀ ਜਾਣ ਜਾਂ ਵੀਡੀਓ ਗੇਮ ਖੇਡੀ ਜਾਣ ਜਾਂ ਚਾਕਲੇਟ ਟਾਫੀਆਂ, ਚਿੱਪਸ ਖਾਈ ਜਾਣ। ਐਸੇ ਗਲਤ ਕੰਮਾਂ ਤੋਂ ਜੇ ਇਕ ਪਾਲਕ ਰੋਕੇ ਅਤੇ ਦੂਸਰਾ ਪਾਲਕ ਬੱਚਿਆਂ ਨੂੰ ਉਸੇ ਗਲਤ ਕੰਮ ਨੂੰ ਕਰਨ ਵਿੱਚ ਸਹਾਇਕ ਹੋਵੇ। ਫਿਰ ਕੀ ਕਰੋਗੇ? ਭਾਵ: ਕੋਈ ਵੀ ਐਸੇ ਮਾੜੇ ਕੰਮ, ਜੋ ਬੱਚਿਆਂ ਦਾ ਜੀਵਨ ਬਰਬਾਦ ਕਰਨ ਵਾਲੇ ਹੋਣ। ਉਹਨਾਂ ਕੰਮਾਂ ਤੋਂ ਜੇ ਇੱਕ ਪਾਲਕ ਰੋਕੇ, ਪਰ ਦੂਸਰਾ ਪਾਲਕ ਜਾਣਾ ਬੱਚਿਆਂ ਨੂੰ ਉਸੇ ਹੀ ਮਾੜੇ ਕੰਮ ਲਈ ਉਤਸਾਹਿਤ ਕਰੇ! ਐਸੇ ਹਾਲਾਤਾਂ ਵਿੱਚ ਕੀ ਕਰੋਗੇ?

ਕੀ ਤੁਸੀਂ ਕਦੀ ਇਹ ਸੋਚਿਆ ਹੈ: ਪਤੀ ਪਤਨੀ ਵਿੱਚ ਕੁਛ

ਛੋਟੇ-ਮੋਟੇ ਝਗੜੇ ਹੋਣੇ ਜੀਵਨ ਦਾ ਇੱਕ ਅੰਗ ਹੈ। ਪਰ ਜੇ ਇਹ ਝਗੜੇ ਬੱਚਿਆਂ ਦੇ ਸਾਹਮਣੇ ਹੋਣ, ਤਾਂ ਇਸ ਦਾ ਬੱਚਿਆਂ ਦੇ ਮਨ ਅਤੇ ਵਿਅਕਤੀਗਤ ਵਿਕਾਸ ਉੱਪਰ ਕਿੰਨਾ ਗੰਭੀਰ ਪ੍ਰਭਾਵ ਪੈ ਸਕਦਾ ਹੈ? ਪਹਿਲੋਂ ਵਿਚਾਰੋ! ਜੇ ਅਸਾਡਾ ਝਗੜਾ ਹੋਵੇ ਤਾਂ ਕੀ ਕਰਨਾ ਹੈ? ਕੀ ਬੱਚਿਆਂ ਤੋਂ ਲਾਂਭੇ ਹੋ ਕੇ ਝਗੜਨਾ ਹੈ, ਜਾਂ ਬੱਚਿਆਂ ਦੇ ਸਾਹਮਣੇ ਹੀ ਝਗੜ ਲੈਣਾ ਹੈ? ਬੱਚਿਆਂ ਦੀ ਚੰਗੀ ਪਰਵਰਿਸ਼ ਕਰਨ ਵਾਸਤੇ ਅਤੇ ਚੰਗੇ ਮਨੁੱਖ ਬਣਾਉਣ ਵਾਸਤੇ; ਮਾਪਿਆਂ ਨੂੰ ਆਪ ਵੀ '**ਆਦਰਸ਼ ਮਨੁੱਖ**' ਅਤੇ '**ਆਦਰਸ਼ ਮਾਤਾ ਪਿਤਾ**' ਬਣਨਾ ਪਵੇਗਾ। ਕੀ ਤੁਸੀਂ ਬਣ ਸਕੋਗੇ?

# ਸਹਿਮਤ ਹੋਣ ਦੀ ਜਾਚ ਸਿੱਖੋ।



ਦੋਵੇਂ ਜਣੇ ਆਪਣੇ ਆਪ ਨੂੰ ਇਹ ਵੀ ਪੁੱਛੋ ਕਿ ਮੇਰਾ ਸੁਭਾਅ ਕਿੰਨਾ ਕੁ ਗੁਸੈਲਾ ਹੈ? ਕਿੰਨਾ ਕੁ ਚਿੜ ਚਿੜਾ ਹੈ? ਇਸ ਗੁਸੈਲੇ ਅਤੇ ਚਿੜਚਿੜੇ ਸੁਭਾਅ ਕਾਰਨ, ਵਿਆਹਕ ਜੀਵਨ ਵਿੱਚ ਕੀ ਕੀ ਸਮੱਸਿਆਵਾਂ ਆ ਸਕਦੀਆਂ ਹਨ? ਕੀ ਤੁਹਾਡਾ ਜੀਵਨ ਸਾਥੀ ਤੁਹਾਡੇ ਗੁਸੈਲੇ ਜਾਂ ਚਿੜਚਿੜੇ ਸੁਭਾਵ ਨੂੰ ਸਵੀਕਾਰ ਕਰੇਗਾ? ਵਿਆਹ ਤੋਂ ਪਹਿਲਾਂ, ਪਿਆਰ ਵਿੱਚ ਮਿੱਠੀਆਂ ਗੱਲਾਂ ਕਰਦਿਆਂ, ਇੱਕ ਦੂਸਰੇ ਦੇ ਸੁਭਾਅ ਦਾ ਨਹੀਂ ਪਤਾ ਲੱਗਦਾ।

ਪਰਿਵਾਰਕ ਜੀਵਨ ਵਿੱਚ ਸਹਿਮਤੀ ਅਤੇ ਸਹਿਯੋਗ ਮੁੱਖ ਹਨ। ਪਤੀ-ਪਤਨੀ ਦੋਵਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹਨਾਂ ਦੇ ਵਤੀਰੇ ਦਾ ਸਿੱਧਾ ਪ੍ਰਭਾਵ ਬੱਚਿਆਂ ਦੀ ਸ਼ਖਸੀਅਤ ਅਤੇ

ਭਵਿੱਖ ਉੱਤੇ ਪੈਂਦਾ ਹੈ। ਇਸ ਲਈ, ਹਰ ਤਰ੍ਹਾਂ ਦੇ ਗੰਭੀਰ ਮਾਮਲਿਆਂ ਨੂੰ ਸਾਂਝੇ ਤੌਰ ਉੱਤੇ, ਸਮਝਦਾਰੀ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਸਭ ਗੱਲਾਂ, ਵਿਆਹਕ ਸੰਬੰਧਾਂ ਨੂੰ ਮਜਬੂਤ ਬਣਾਉਣ ਲਈ ਮਹੱਤਵਪੂਰਨ ਹਨ।

# ਬੱਚੇ ਬਣਾਉਣ ਤੋਂ ਪਹਿਲਾਂ ਵਿਚਾਰੋ।



ਵਿਆਹ ਕਰਾਉਣ ਤੋਂ ਪਹਿਲੋਂ, ਦੋਵੇਂ ਜਣੇ ਇਹ ਵੀ ਆਪਸ ਵਿੱਚ ਤੈਅ ਕਰ ਲਓ ਕਿ ਅਸੀਂ ਬੱਚੇ ਬਣਾਉਣੇ ਵੀ ਹਨ, ਕਿ ਨਹੀਂ? ਆਪਣੀ ਵੰਸ਼ ਵਧਾਉਣ ਦੀ ਪ੍ਰਬਲ ਇੱਛਾ ਤਾਂ ਪ੍ਰਕਿਰਤੀ ਵੱਲੋਂ ਹਰ ਜੀਵ ਦੇ ਅੰਦਰ ਬਣੀ ਹੋਈ ਹੈ। ਇਸ ਕਰ ਕੇ, ਸਮਾਜ ਨੇ ਅਤੇ ਮਾਤਾ ਪਿਤਾ ਨੇ ਤੁਹਾਡੇ ਉੱਤੇ ਦਬਾਅ ਪਾਉਣਾ ਹੈ ਕਿ ਬੱਚੇ ਬਣਾਓ, ਇੱਕ ਤੋਂ ਵੱਧ ਬਣਾਓ। ਤੁਸੀਂ ਨਵੀਂ ਪੀੜ੍ਹੀ ਦੇ ਯੁਵਕ ਹੋ। ਹੋ ਸਕਦਾ ਹੈ: ਤੁਹਾਡਾ ਮਨ ਹੋਵੇ ਕਿ ਅਸੀਂ ਬੱਚੇ ਨਹੀਂ ਬਣਾਉਣੇ, ਜਾਂ ਥੋੜ੍ਹੇ ਬਣਾਉਣੇ ਹਨ। ਇਹ ਸੋਚੋ ਕਿ ਜੇ ਤੁਸੀਂ ਬੱਚੇ ਬਣਾਉਣੇ ਹਨ; ਕਿਉਂ ਬਣਾਉਣੇ ਹਨ?

ਕਿੰਨੇ ਬਣਾਉਣੇ ਹਨ? ਉਹ ਬੱਚੇ: ਜਿਨ੍ਹਾਂ ਵਾਸਤੇ ਤੁਸੀਂ ਦਿਨ ਰਾਤ ਬਹੁਤ ਕਸ਼ਟ ਝੱਲ ਕੇ, ਉਹਨਾਂ ਦੀ ਪੜ੍ਹਾਈ ਕਰਵਾਉਣੀ ਹੈ ਅਤੇ ਜਾਇਦਾਦਾਂ ਬਣਾਉਣੀਆਂ ਹਨ; ਉਹਨਾਂ ਬੱਚਿਆਂ ਤੋਂ ਤੁਸੀਂ ਕੀ ਆਸ ਰੱਖਦੇ ਹੋ? ਬੱਚੇ ਬਣਾਉਣੇ, ਨਾ ਬਣਾਉਣੇ; ਪਤੀ ਪਤਨੀ ਦੇ ਹੱਥ ਹਨ। ਪਰਮਾਤਮਾ ਧੱਕੇ ਨਾਲ ਛੱਤ ਪਾੜ ਕੇ, ਬੱਚੇ ਤੁਹਾਡੀ ਗੋਦੀ ਵਿੱਚ ਸੁੱਟ ਨਹੀਂ ਦਿੰਦਾ। ਬੱਚਿਆਂ ਕਾਰਨ ਆਉਣ ਵਾਲੀਆਂ ਕਠਿਨਾਈਆਂ ਬਾਰੇ ਵੀ ਪਹਿਲੋਂ ਹੀ ਸੋਚ ਕੇ ਰੱਖੋ। ਸਾਊਥ ਕੋਰੀਆ, ਜਾਪਾਨ ਆਦਿ ਬਹੁਤ ਸਾਰੇ ਦੇਸ਼ਾਂ ਵਿੱਚ ਲੋਕਾਂ ਨੇ ਬੱਚੇ ਬਣਾਉਣੇ ਬੰਦ ਕਰ ਦਿੱਤੇ ਹਨ। ਉਹ ਕਹਿੰਦੇ ਹਨ "ਸਾਡੇ ਕੋਲ ਬੱਚੇ ਪਾਲਣ ਜੋਗਾ ਸਮਾਂ ਹੀ ਨਹੀਂ। ਅਸੀਂ ਨੌਕਰੀ ਕਰੀਏ, ਕਿ ਬੱਚੇ ਪਾਲੀਏ? ਬੱਚਿਆਂ ਨੂੰ ਪਾਲਣ ਉੱਤੇ ਬਹੁਤ ਖਰਚੇ ਹੁੰਦੇ ਹਨ। ਸਾਡੇ ਕੋਲ ਇੰਨਾਂ ਖਰਚਾ ਹੀ ਨਹੀਂ ਹੈ"।

ਜੇ ਤੁਸੀਂ ਬੱਚੇ ਬਣਾਉਣੇ ਹੀ ਹਨ; ਤਾਂ ਬੱਚੇ ਬਣਾਉਣ ਤੋਂ ਪਹਿਲੋਂ, ਕੀ ਤੁਸੀਂ ਬੱਚੇ ਬਣਾਉਣ ਦੀ ਜਾਚ ਸਿੱਖੋ ਗੇ? ਜਾਂ ਕਾਮ ਕਰੀੜਾ ਕਰਦਿਆਂ ਹੀ ਬਣਾ ਦਿਓਗੇ? ਭਾਵ: ਗਰਭ ਧਾਰਨ ਕਿਵੇਂ ਕਰਨਾ ਅਤੇ ਕਰਵਾਉਣਾ ਹੈ? ਗਰਭ ਧਾਰਨ ਕਰਨ, ਕਰਾਉਣ ਤੋਂ ਪਹਿਲੋਂ; ਦੋਵੇਂ ਜੀਆਂ ਦੀ ਆਪਣੀ ਸਿਹਤ ਕਿਵੇਂ ਦੀ ਹੋਣੀ ਚਾਹੀਦੀ ਹੈ?

ਗਰਭ ਅਵਸਥਾ ਸਮੇਂ, ਬੱਚੇ ਅਤੇ ਬੱਚੇ ਦੀ ਮਾਂ ਨੂੰ ਕਿਵੇਂ ਸੰਭਾਲਣਾ ਹੈ? ਬੱਚੇ ਦੇ ਜਨਮ ਉਪਰੰਤ, ਬੱਚੇ ਨੂੰ ਠੀਕ ਢੰਗ ਨਾਲ ਕਿਵੇਂ ਪਾਲਣਾ ਹੈ? ਜੇ ਤੁਸੀਂ ਬੱਚੇ ਬਣਾਉਣੇ ਹੀ ਹਨ: ਕੀ ਇਹ ਸਾਰੀਆਂ ਜਾਚਾਂ ਸਿੱਖੋ ਗੇ? ਬਹੁਤ ਵਾਰੀ, ਬਿਨਾਂ ਚਾਹੇ ਤੋਂ ਵੀ, ਕਾਮ ਕਰੀੜਾ ਕਰਦਿਆਂ, ਬੱਚੇ ਬਣ ਜਾਂਦੇ ਹਨ। ਪਰ, ਬੱਚਿਆਂ ਦੀ ਪਰਵਰਿਸ਼ ਕਰਨੀ ਅਤਿ ਔਖੀ ਹੈ, ਬੜੀ ਖਰਚੀਲੀ ਹੈ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਬੱਚੇ ਬਣਾਓ ਅਤੇ ਸਫਲਤਾ ਪੂਰਵਕ ਪਾਲੋ। ਬੱਚੇ ਬਣਾਉਣ ਤੋਂ ਪਹਿਲੋਂ, ਗਰਭ ਧਾਰਨ ਕਰਨ ਅਤੇ ਕਰਵਾਉਣ ਤੋਂ ਪਹਿਲੋਂ: ਜੇ ਤੁਹਾਡੀ ਸਿਹਤ ਚੰਗੀ ਨਹੀਂ ਹੋਵੇਗੀ, ਤਾਂ ਬੱਚਿਆਂ ਦੀ ਸਿਹਤ ਵੀ ਚੰਗੀ ਨਹੀਂ ਹੋਵੇਗੀ। ਜੇ ਗਰਭ ਅਵਸਥਾ ਸਮੇਂ ਮਾਂ ਦੀ ਸਿਹਤ ਖਰਾਬ ਹੋਵੇਗੀ, ਤਾਂ ਬੱਚੇ ਦੀ ਸਿਹਤ ਵੀ ਖਰਾਬ ਹੋਵੇਗੀ।

# ਬੱਚੇ ਹੋਣ ਉਪਰੰਤ:-



ਇਸ ਦੇ ਨਾਲ-ਨਾਲ, ਵਿਆਹ ਕਰਵਾਉਣ ਤੋਂ ਪਹਿਲਾਂ ਲੜਕੇ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜਦੋਂ ਤੁਹਾਡੇ ਘਰ ਬੱਚੇ ਹੋਣਗੇ: ਬੱਚਾ ਹੋਣ ਤੋਂ ਪਹਿਲਾਂ ਅਤੇ ਬੱਚਾ ਹੋਣ ਤੋਂ ਉਪਰੰਤ, ਜਦੋਂ ਤੁਹਾਡੀ ਪਤਨੀ ਕੰਮ ਕਰਨ ਯੋਗ ਨਹੀਂ ਹੋਵੇਗੀ, ਪੈਸੇ ਕਮਾਉਣ ਯੋਗ ਨਹੀਂ ਹੋਵੇਗੀ; ਉਸ ਸਮੇਂ, ਕੀ ਤੁਸੀਂ ਆਪਣੀ ਪਤਨੀ ਨੂੰ ਕਮਾ ਕੇ, ਅਤੇ ਰੋਟੀ ਪਕਾ ਕੇ ਖਵਾ ਸਕੋ ਗੇ? ਉਸ ਗਰਭ ਅਵਸਥਾ ਜਾਂ ਸੂਤਕ ਅਵਸਥਾ ਵਿੱਚ, ਕੀ ਆਪਣੀ ਪਤਨੀ ਦੀ ਆਪਣੇ ਹੱਥੀ ਸੰਭਾਲ ਕਰਨੀ ਪਸੰਦ ਕਰੋ ਗੇ; ਕਿ ਗੰਦ (ਮੈਲ) ਤੋਂ ਨਫਰਤ ਕਰੋ ਗੇ? ਬੱਚਾ ਪੈਦਾ ਹੋਣ ਉਪਰੰਤ ਕਰੀਬ ਘੱਟੋ ਘੱਟ ਇੱਕ ਸਾਲ ਤੁਹਾਡੀ ਪਤਨੀ ਕੋਈ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗੀ ਅਤੇ

ਕਈ ਮਹੀਨੇ ਪਹਿਲਾਂ ਵੀ ਕੋਈ ਕੰਮ ਨਹੀਂ ਕਰ ਕਰ ਸਕੇਗੀ; ਘੱਟੋ ਘੱਟ ਉਤਨਾ ਚਿਰ, ਉਸ ਨੂੰ ਰੋਟੀ ਕਮਾ ਕੇ ਤੁਹਾਨੂੰ ਹੀ ਖਵਾਉਣੀ ਪਵੇਗੀ। ਕੀ ਉਤਨਾ ਚਿਰ, ਤੁਸੀਂ ਆਪਣੀ ਪਤਨੀ ਅਤੇ ਬੱਚੇ ਦੇ ਖਰਚੇ ਝੱਲ ਸਕੋ ਗੇ?

ਬੱਚਾ ਹੋਣ ਉਪਰੰਤ, ਮਾਂ ਅਤੇ ਬੱਚੇ ਨੂੰ ਕਈ ਵਾਰੀ ਕੋਈ ਰੋਗ ਲੱਗ ਜਾਂਦੇ ਹਨ। ਕਿਉਂ ਕਿ, ਸੂਤਕ ਅਵਸਥਾ ਵਿੱਚ ਛੋਟੇ ਬੱਚਿਆਂ ਨੂੰ ਬਹੁਤ ਰੋਗ ਲੱਗਦੇ ਹੀ ਹਨ। ਕਈ ਵਾਰ ਉਸ ਕੰਮ ਉੱਤੇ ਚੋਖੇ ਖਰਚੇ ਹੋ ਜਾਂਦੇ ਹਨ; ਕੀ ਤੁਸੀਂ ਉਹਨਾਂ ਖਰਚਿਆਂ ਦਾ ਪ੍ਰਬੰਧ ਵੀ ਕਰ ਸਕੋ ਗੇ? ਬੱਚਾ ਹੋਏ ਤੋਂ ਮਿੱਤਰ, ਰਿਸ਼ਤੇਦਾਰ ਘਰ ਆਉਣ ਗੇ; ਉਹਨਾਂ ਆਇਆਂ ਨੂੰ ਰੋਟੀ ਪਾਣੀ ਖਵਾਉਣ ਦੇ ਖਰਚੇ ਵੀ ਵਧਣ ਗੇ ਅਤੇ ਖੇਚਲ ਵੀ ਵਧੇ ਗੀ; ਕੀ ਤੁਸੀਂ ਇਹ ਖਰਚੇ ਕਰ ਸਕੋ ਗੇ? ਜਾਂ, ਲੜਕੀ ਦੇ ਮਾਪਿਆਂ ਉੱਤੇ ਇਹ ਖਰਚੇ ਪਾਉ ਗੇ? ਬੱਚੇ ਦੇ ਖਰਚੇ, ਪਤਨੀ ਦੇ ਖਰਚੇ, ਦਵਾਈਆਂ ਉੱਤੇ ਖਰਚੇ, ਬਿਰਧ ਮਾਤਾ-ਪਿਤਾ ਨੂੰ ਸੰਭਾਲਣ ਦੇ ਖਰਚੇ ਅਤੇ ਲੋੜ ਅਨੁਸਾਰ ਹੋਰ ਜੋ ਵੀ ਖਰਚੇ ਹੋਣ ਗੇ; ਉਹ ਵੀ ਕਰਨੇ ਪੈਣ ਗੇ। ਕੀ ਉਹ ਸਾਰੇ ਖਰਚੇ ਤੁਸੀਂ ਕਰ ਸਕੋ ਗੇ ਅਤੇ ਕਰਨਾ ਪਸੰਦ ਵੀ ਕਰੋ ਗੇ; ਜਾਂ ਉਸ ਗੱਲ ਨੂੰ ਬੋਝ ਸਮਝੋ ਗੇ? ਬੋਝ ਸਮਝ ਕੇ ਚਿੜੋ ਗੇ ਅਤੇ

ਆਪਸ ਵਿੱਚ ਲੜੋ ਗੇ? ਵਿਆਹ ਕਰਵਾਉਣ ਤੋਂ ਪਹਿਲੋਂ ਇਹ ਵੀ ਸੋਚੋ: ਜੇ ਅਸੀਂ ਬੱਚੇ ਬਣਾਉਣੇ ਹੀ ਹਨ, ਤਾਂ ਉਹਨਾਂ ਬੱਚਿਆਂ ਨੂੰ ਜਦੋਂ ਪਾਲ ਕੇ ਆਪਾਂ ਵੱਡੇ ਕਰ ਦਿੱਤਾ; ਹੋ ਸਕਦਾ ਹੈ ਕਿ ਬੱਚੇ ਸਾਡੇ ਨਾਲ ਨਾ ਰਹਿਣ ਅਤੇ ਬਿਰਧ ਅਵਸਥਾ ਵਿੱਚ ਸਾਡੀ ਸੇਵਾ ਵੀ ਨਾ ਕਰਨ, ਸਾਨੂੰ ਵੇਖਣ ਜਾਂ ਮਿਲਣ ਵੀ ਨਾ ਆਉਣ; ਜਿਸ ਤਰ੍ਹਾਂ ਕਿ ਅੱਜ ਕੱਲ ਇੰਗਲੈਂਡ, ਅਮਰੀਕਾ ਆਦਿ ਵਿਕਸਿਤ ਦੇਸ਼ਾਂ ਵਿੱਚ ਹੋ ਰਿਹਾ ਹੈ। ਬੱਚੇ ਜਦੋਂ ਪੜ੍ਹ ਲਿਖ ਕੇ ਉਡਾਰੂ ਹੋ ਜਾਣ, ਮੁੜ ਕੇ ਆਉਂਦੇ ਹੀ ਨਹੀਂ। ਭਾਰਤ ਵਿੱਚ ਵੀ ਇਸੇ ਤਰ੍ਹਾਂ ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਵੱਡੇ ਹੋ ਚੁੱਕੇ ਬੱਚਿਆਂ ਨੂੰ ਜਦੋਂ ਤੁਸੀਂ ਕੋਈ ਚੁੱਭਵੀਆਂ ਗੱਲਾਂ ਕਹੀਆਂ "ਅਸੀਂ ਤੁਹਾਨੂੰ ਪਾਲਿਆ, ਤੁਹਾਡੇ ਉੱਤੇ ਇੰਨਾਂ ਖਰਚਾ ਕੀਤਾ ਜਾਂ ਤੁਹਾਨੂੰ ਇੰਨਾਂ ਸੰਭਾਲਿਆ"। ਤਾਂ ਉਹਨਾਂ ਬੱਚਿਆਂ ਨੇ ਤੁਹਾਨੂੰ ਕਹਿਣਾ ਹੈ "ਮਾਤਾ ਜੀ, ਪਿਤਾ ਜੀ, ਕੀ ਅਸੀਂ ਤੁਹਾਨੂੰ ਆਖਿਆ ਸੀ ਕਿ ਸਾਨੂੰ ਬਣਾਓ? ਜਾਂ ਸਾਡੇ ਉੱਤੇ ਖਰਚਾ ਕਰੋ? ਤੁਸੀਂ ਆਪਣੀ ਮਰਜੀ ਨਾਲ ਕੀਤਾ। ਹੁਣ ਇਹ ਅਸਾਡਾ ਜੀਵਨ ਹੈ। ਜੋ ਮੇਰਾ ਜੀਅ ਕਰੇਗਾ, ਮੈਂ ਉਹ ਕਰਾਂਗਾ। ਮੈਂ ਕੋਈ ਤੁਹਾਡਾ ਗੁਲਾਮ ਨਹੀਂ ਹੈਗਾ"। ਇਸ ਲਈ, ਇਹ ਮੰਨ ਕੇ ਚਲੋ: ਵੱਡੇ ਹੋ ਕੇ ਬੱਚੇ

ਤੁਹਾਡੇ ਕੋਲ ਨਹੀਂ ਰਹਿਣ ਗੇ, ਤੁਹਾਡੀ ਸੇਵਾ ਨਹੀਂ ਕਰਨ ਗੇ। ਜੇ ਬੱਚੇ ਤੁਹਾਡੇ ਕੋਲ ਰਹਿ ਗਏ ਅਤੇ ਤੁਹਾਡੀ ਸੇਵਾ ਕਰ ਲਈ; ਤਾਂ ਤੁਸੀਂ ਬੜੇ ਵੱਡੇ ਭਾਗਾਂ ਵਾਲੇ ਹੋ। ਜੇ ਤੁਸੀਂ ਪਹਿਲੋਂ ਹੀ ਇਹ ਮੰਨਿਆ ਹੋਵੇਗਾ ਕਿ ਬੱਚਿਆਂ ਨੇ ਵੱਡੇ ਹੋ ਕੇ ਸਾਡੇ ਨਾਲ ਨਹੀਂ ਰਹਿਣਾ: ਤਾਂ ਤੁਹਾਨੂੰ ਦੁੱਖ ਘੱਟ ਹੋਵੇਗਾ। ਕਿਉਂ ਕਿ, ਦੁੱਖ ਅਸਾਨੂੰ ਉਦੋਂ ਹੀ ਬਹੁਤਾ ਹੁੰਦਾ ਹੈ; ਜਦੋਂ ਅਸਾਡੀ ਇੱਛਾ ਦੇ ਵਿਰੁੱਧ ਕੋਈ ਕਾਰਜ ਹੁੰਦਾ ਹੈ। ਜਦੋਂ ਅਸਾਡੀ ਇੱਛਾ ਦੇ ਅਨੁਸਾਰ ਕੋਈ ਕਾਰਜ ਹੋਵੇ; ਅਸੀਂ ਪ੍ਰਸੰਨ ਹੋ ਜਾਂਦੇ ਹਾਂ। ਸੋ ਆਪਣੀਆਂ ਇੱਛਾਵਾਂ ਅਤੇ ਸੋਚ ਨੂੰ ਪਹਿਲੋਂ ਹੀ ਇਸ ਤਰ੍ਹਾਂ ਦਾ ਬਣਾ ਕੇ ਰੱਖੋ। ਕਾਮ ਕਰੀੜਾ ਕਰਦਿਆਂ ਹੀ ਆਪਾਂ ਬੱਚਿਆਂ ਦੀਆਂ ਕਤਾਰਾਂ ਲਗਾ ਦਿੰਦੇ ਹਾਂ। ਸੋਚ ਸਮਝ ਕੇ ਬੱਚੇ ਬਣਾਓ ਅਤੇ ਸੋਚ ਸਮਝ ਕੇ ਉਹਨਾਂ ਉੱਤੇ ਖਰਚੇ ਕਰੋ।

ਜੇ ਤੁਸੀਂ ਬੱਚਿਆਂ ਨੂੰ ਆਪਣੇ ਨਾਲ ਰੱਖਣਾ ਚਾਹੁੰਦੇ ਹੋ, ਆਪਣਾ ਪਿਤਾ ਪੁਰਖੀ ਕਾਰੋਬਾਰ ਉਹਨਾਂ ਨੂੰ ਸੰਭਾਲਣਾ ਚਾਹੁੰਦੇ ਹੋ, ਆਪਣੀਆਂ ਜਾਇਦਾਦਾਂ ਦੇਣਾ ਚਾਹੁੰਦੇ ਹੋ; ਤਾਂ ਬੱਚੇ ਪਾਲਣ ਦੀ ਜਾਚ ਸਿੱਖੋ ਅਤੇ ਬੱਚਿਆਂ ਨੂੰ ਚੰਗੇ ਸੰਸਕਾਰ ਦਿਓ। ਆਪਾਂ ਨੂੰ ਬੱਚੇ ਪਾਲਣੇ ਨਹੀਂ ਆਉਂਦੇ। ਕੋਈ ਲਾਡ ਨਾਲ, ਕੋਈ ਮਾਰ

ਕੁੱਟ ਕੇ ਹੀ; ਬੱਚਿਆਂ ਨੂੰ ਵਿਗਾੜੀ ਜਾਂਦਾ ਹੈ। ਕੀ ਇਹਨਾਂ ਹਾਲਾਤਾਂ ਵਿੱਚ, ਤੁਸੀਂ ਫਿਰ ਵੀ ਬੱਚੇ ਬਣਾਉਣੇ ਹਨ? ਸੋ ਇਸ ਗੱਲ ਨੂੰ ਬਹੁਤ ਹੀ ਗੰਭੀਰਤਾ ਨਾਲ, ਵਿਆਹ ਕਰਵਾਉਣ ਤੋਂ ਪਹਿਲੋਂ ਹੀ ਵਿਚਾਰ ਲਵੋ "**ਸੋ ਧਨਵੰਤਾ ਜਿਸੁ ਬੁਧਿ ਬਿਬੇਕ**" (ਮ. ੫)। ਭਾਵ: ਤਰਕਸ਼ੀਲ, ਵਿਚਾਰਵਾਨ ਮਨੁੱਖ ਨੂੰ ਹੀ ਹਰ ਪ੍ਰਕਾਰ ਦਾ ਸੁਖ ਮਿਲ ਸਕਦਾ ਹੈ। ਜਿਸ ਦੀ ਵਿਵੇਕ ਬੁੱਧੀ ਹੈ; ਉਹ ਹੀ ਧਨਵਾਨ ਹੈ, ਉਹ ਹੀ ਸੁਖੀ ਹੈ।

ਵਿਆਹ ਕਰਵਾਉਣ ਤੋਂ ਪਹਿਲੋਂ, ਬਣਨ ਵਾਲੇ ਪਤੀ ਪਤਨੀ ਆਪਸ ਵਿੱਚ ਗੱਲ ਕਰਕੇ ਇਹ ਵੀ ਸਪੱਸ਼ਟ ਕਰੇ ਕਿ ਜੇ ਅਸੀਂ ਬੱਚੇ ਬਣਾ ਲਏ; ਤਾਂ ਕੀ ਉਹਨਾਂ ਬੱਚਿਆਂ ਨੂੰ ਪਾਲਣ ਵਾਸਤੇ ਸਾਡੇ ਕੋਲ ਆਮਦਨ ਹੈਗੀ? ਜਾਂ, ਕੀ ਅਸੀਂ ਉਨੇ ਪੈਸੇ ਕਮਾ ਸਕਾਂ ਗੇ ਕਿ ਅਸੀਂ ਬੱਚਿਆਂ ਦੀ ਚੰਗੀ ਤਰ੍ਹਾਂ ਪਾਲਣਾ ਪੋਸ਼ਣਾ ਕਰਦੇ ਹੋਏ, ਬੱਚਿਆਂ ਦੀ ਚੰਗੀ ਪੜ੍ਹਾਈ ਵੀ ਕਰਵਾ ਸਕੀਏ? ਸਭ ਤੋਂ ਵਿਸ਼ੇਸ਼ ਗੱਲ: ਜੇ ਤੁਸੀਂ ਬੱਚਿਆਂ ਦੀ ਚੰਗੀ ਪਰਵਰਿਸ਼ ਅਤੇ ਚੰਗੀ ਪੜ੍ਹਾਈ ਵਾਸਤੇ ਵਧੀਆ ਕਮਾਈ ਕਰ ਸਕੋ ਗੇ; ਤਾਂ, ਕੀ ਤੁਸੀਂ ਆਪਣੇ ਵਿਹਾਰ ਵਿੱਚੋਂ ਜਾਂ ਨੌਕਰੀ ਵਿੱਚੋਂ, ਆਪਣੇ ਬੱਚਿਆਂ ਨੂੰ ਪਾਲਣ ਵਾਸਤੇ ਸਮਾਂ ਵੀ ਦੇ ਸਕੋ ਗੇ? ਕਿ, ਸਿਰਫ ਪੈਸੇ ਦੇ

ਸਿਰ ਉੱਤੇ ਹੀ ਉਹਨਾਂ ਦੀ ਪਰਵਰਿਸ਼ ਅਤੇ ਪੜ੍ਹਾਈ ਕਰਵਾ ਦੇਵੋ ਗੇ? ਵਿਵਾਹਿਤ ਜੋੜੇ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ: ਜਿਹੜੇ ਬੱਚਿਆਂ ਨੂੰ ਮਾਤਾ-ਪਿਤਾ ਸੁਖ ਸਹੂਲਤਾਂ ਬਹੁਤ ਬਣਾ ਕੇ ਦੇ ਦਿੰਦੇ ਹਨ ਅਤੇ ਪੜ੍ਹਾਈ ਦਾ ਵੀ ਅਤਿ ਉੱਤਮ ਪ੍ਰਬੰਧ ਕਰ ਦਿੰਦੇ ਹਨ; ਪਰ, ਆਪ ਸਮਾਂ ਨਹੀਂ ਦਿੰਦੇ। ਉਹਨਾਂ ਬੱਚਿਆਂ ਦਾ ਮਾਤਾ-ਪਿਤਾ ਨਾਲ ਲਗਾਵ ਘੱਟ ਜਾਂਦਾ ਹੈ, ਉਹ ਵਿਗੜ ਵੀ ਜਾਂਦੇ ਹਨ ਅਤੇ ਉਹਨਾਂ ਦੀ ਮਾਨਸਿਕ ਉੱਨਤੀ ਵੀ ਵਧੀਆ ਨਹੀਂ ਹੁੰਦੀ। ਮਾਪਿਆਂ ਵੱਲੋਂ ਬੱਚਿਆਂ ਨੂੰ ਆਪ ਸਮਾਂ ਨਾ ਦੇਣ ਕਰ ਕੇ, ਉਹਨਾਂ ਦੀ ਕਸ਼ਟ ਝੱਲ ਕੇ ਕੀਤੀ ਕਮਾਈ ਦੀ ਸੁਖ ਸਹੂਲਤ: ਮਨ ਇੱਛਿਤ ਲਾਭ ਨਹੀਂ ਦਿੰਦੀ। ਕਿਉਂਕਿ ਜੋ ਲਾਡ, ਪਿਆਰ, ਹਾਸਾ, ਖੇਡਾ ਮਾਤਾ ਪਿਤਾ ਕੋਲ ਰਹਿਣ ਨਾਲ ਮਿਲਣਾ ਹੈ, ਜੋ ਸ਼ਿਕਸ਼ਾ ਅਤੇ ਸੰਸਕਾਰ ਮਾਤਾ ਪਿਤਾ ਨੇ ਦੇਣੇ ਹਨ; ਉਹ ਕੋਈ





ਵਿਦਿਆਲਾ ਅਤੇ ਹੋਸਟਲ ਨਹੀਂ ਦੇ ਸਕਦਾ। ਜਦੋਂ ਬੱਚੇ, ਮਾਤਾ ਪਿਤਾ ਦੇ ਉਹਨਾਂ ਸੰਸਕਾਰਾਂ ਅਤੇ ਸਨਿਗਧ ਤੋਂ ਵਾਂਝੇ ਰਹਿ ਜਾਂਦੇ ਹਨ; ਭਾਵੇਂ ਉਹਨਾਂ ਨੂੰ ਕਿੰਨੀਆਂ ਵੀ ਸੁੱਖ ਸਹੂਲਤਾਂ ਮਿਲਣ, ਕਿੰਨੇ ਵਧੀਆ ਵਿਦਿਆਲੇ ਜਾਂ ਹੋਸਟਲ ਮਿਲਣ; ਫਿਰ ਵੀ ਉਹਨਾਂ ਦੀ ਮਾਨਸਿਕ ਤਰੱਕੀ ਉਹੋ ਜਿਹੀ ਨਹੀਂ ਹੁੰਦੀ, ਜੈਸੀ ਕਿ ਮਾਤਾ ਪਿਤਾ ਦੇ ਪਿਆਰ ਨਾਲ ਹੁੰਦੀ ਹੈ। ਮਾਤਾ ਪਿਤਾ ਦਾ ਪਿਆਰ; ਵਧੀਆ ਖਿਡੌਣਿਆਂ ਅਤੇ ਸਹੂਲਤਾਂ ਨਾਲ ਨਹੀਂ ਬਦਲਿਆ ਜਾ ਸਕਦਾ; ਉਹ ਤਾਂ ਆਪ ਬੱਚਿਆਂ ਕੋਲ ਰਹਿ ਕੇ ਹੀ ਦਿੱਤਾ ਜਾ ਸਕਦਾ ਹੈ।

## ਬੱਚਿਆਂ ਵਾਸਤੇ ਪੈਸੇ ਵੀ ਕਮਾ ਕੇ ਲਿਆਉਣੇ ਅਤੇ ਬੱਚਿਆਂ ਨੂੰ ਸਮਾਂ ਵੀ ਦੇਣਾ: ਅੱਜ ਦੇ ਤੇਜ਼ ਯੁੱਗ ਵਿੱਚ ਬਹੁਤ ਔਖਾ ਹੈ

ਹੋ ਗਿਆ ਹੈ। ਬਹੁਤਾ ਦਿਖਾਵਾ ਕਰਨ ਦੇ ਚੱਕਰ ਵਿੱਚ, ਪੈਸੇ ਬਹੁਤੇ ਕਮਾਉਣ ਦੀ ਹੋੜ ਵਿੱਚ, ਬਹੁਤੇ ਮਾਪੇ ਬੱਚਿਆਂ ਨੂੰ ਸਮਾਂ ਦੇ ਹੀ ਨਹੀਂ ਪਾਉਂਦੇ। ਕਿਉਂ ਕਿ, ਉਹਨਾਂ ਦੀ ਆਪਣੀ ਸਥਿਤੀ ਐਸੀ ਹੁੰਦੀ ਹੈ ਕਿ ਕਦੀ ਪਤਨੀ ਕੰਮ ਉੱਤੇ ਅਤੇ ਕਦੀ ਪਤੀ ਕੰਮ ਉੱਤੇ। ਬੱਚਿਆਂ ਨੂੰ “ਡੇ-ਕੇਅਰ” ਜਾਂ ਨਰਸਰੀ ਸਕੂਲ ਵਿੱਚ ਭੇਜ ਦਿੰਦੇ ਹਨ ਜਾਂ ਬੱਚਿਆਂ ਵਾਸਤੇ ਨੌਕਰ ਰੱਖ ਲੈਂਦੇ ਹਨ। ਇੱਕ ਦੂਜੇ ਨਾਲ ਵੀ ਮਿਲਾਪ ਘੱਟ ਹੀ ਹੁੰਦਾ ਹੈ। ਐਸੀ ਸਥਿਤੀ ਵਿੱਚ ਉਹਨਾਂ ਨੇ ਬੱਚਿਆਂ ਨੂੰ ਸਮਾਂ ਕਿਥੋਂ ਦੇਣਾ ਹੈ? ਜਿੱਥੇ ਅੱਜ ਦੇ ਆਧੁਨਿਕ ਯੁੱਗ ਵਿੱਚ ਬਹੁਤ ਸੁਖ ਸਹੂਲਤਾਂ ਮਿਲੀਆਂ ਹਨ, ਉੱਥੇ ਪਰਿਵਾਰਿਕ ਜੀਵਨ ਇੱਕ ਤਰ੍ਹਾਂ ਦਾ ਉੱਜੜ ਗਿਆ ਹੈ। ਪਤੀ ਪਤਨੀ ਨੂੰ ਇੱਕ ਦੂਸਰੇ ਵਾਸਤੇ ਸਮਾਂ ਨਹੀਂ, ਬੱਚਿਆਂ ਵਾਸਤੇ ਦੋਵਾਂ ਕੋਲ ਬਿਲਕੁਲ ਹੀ ਸਮਾਂ ਨਹੀਂ। ਪੈਸੇ ਬਹੁਤੇ ਕਮਾ ਕੇ, ਬੱਚਿਆਂ ਨੂੰ ਵਧੀਆ ਸਕੂਲ, ਹੋਸਟਲ ਵਿੱਚ ਤਾਂ ਭੇਜ ਦਿੰਦੇ ਹਨ। ਪਰੰਤੂ, ਆਪ ਸਮਾਂ ਨਹੀਂ ਦੇ ਪਾਉਂਦੇ। ਕਈਆਂ ਨੂੰ ਤਾਂ ਵਿਹਾਰ ਤੋਂ ਬਾਅਦ ਵੱਡੀਆਂ ਪਾਰਟੀਆਂ, ਕਿੱਟੀ ਪਾਰਟੀਆਂ ਜਾਂ ਆਪਣੇ ਮੌਜ ਮੇਲਿਆਂ ਤੋਂ ਹੀ ਬੱਚਿਆਂ ਨੂੰ ਦੇਣ ਵਾਸਤੇ ਸਮਾਂ ਨਹੀਂ ਬਚਦਾ। ਮਾਤਾ ਪਿਤਾ ਵੱਲੋਂ ਸਮਾਂ ਨਾ ਮਿਲਣ ਕਰ ਕੇ, ਐਸੇ ਬੱਚੇ ਲੋਫਰ, ਅਵਾਰਾ ਹੋ

ਜਾਂਦੇ ਹਨ ਅਤੇ ਉਹਨਾਂ ਦਾ ਮਾਤਾ ਪਿਤਾ ਨਾਲ ਮੋਹ ਵੀ ਨਹੀਂ ਰਹਿ ਜਾਂਦਾ। ਇਸ ਕਰ ਕੇ, ਵਿਆਹ ਕਰਵਾਉਣ ਤੋਂ ਪਹਿਲੋਂ, ਬੱਚੇ ਬਣਾਉਣ ਤੋਂ ਪਹਿਲੋਂ: ਇਹਨਾਂ ਗੱਲਾਂ ਨੂੰ ਜਰੂਰ ਹੀ ਧਿਆਨ ਵਿੱਚ ਕਰੋ। ਜਿਵੇਂ: ਤੁਸੀਂ ਕੋਈ ਵਿਹਾਰ ਕਰਨ ਤੋਂ ਪਹਿਲੋਂ ਇਹ ਸੋਚਦੇ ਹੋ ਕਿ ਇਹ ਵਿਹਾਰ ਕੀਤਿਆਂ: ਇਹ ਲਾਭ ਹੋਵੇਗਾ, ਇਹ ਹਾਨੀ ਹੋਵੇਗੀ, ਇਹ ਸਮੱਸਿਆਵਾਂ ਆਉਣਗੀਆਂ। ਇਸੇ ਤਰ੍ਹਾਂ, ਇਹ ਬੱਚੇ ਬਣਾਉਣ ਤੋਂ ਪਹਿਲਾਂ ਵੀ ਸੋਚੋ: ਬੱਚੇ ਹੋਣ ਉਪਰੰਤ ਅਸਾਨੂੰ ਇਹ ਸਮੱਸਿਆਵਾਂ ਆਉਣਗੀਆਂ, ਜਾਂ ਇਹ ਹਾਨੀਆਂ ਹੋਣਗੀਆਂ ਅਤੇ ਇਹ ਲਾਭ ਹੋਵੇਗਾ।



ਬਹੁਤ ਵਾਰੀ: ਦਾਦਾ ਦਾਦੀ, ਨਾਨਾ ਨਾਨੀ, ਬੱਚਿਆਂ ਨਾਲ ਖੇਡ ਕੇ ਆਪਣਾ ਮਨ ਪਰਚਾਵਾ ਕਰਨਾ ਚਾਹੁੰਦੇ ਹਨ। ਬੱਚਿਆਂ ਨੂੰ ਆਪਣੇ ਕੋਲ ਬਹੁਤਾ ਸਮਾਂ ਰੱਖਣ ਲਈ, ਬੱਚਿਆਂ ਨੂੰ ਖੁਸ਼ ਕਰਨ ਵਾਸਤੇ; ਉਹ, ਬੱਚਿਆਂ

ਨੂੰ ਐਸੀਆਂ ਖਾਣ ਵਾਲੀਆਂ ਚੀਜ਼ਾਂ ਦਿੰਦੇ ਹਨ, ਜਿਨਾਂ ਨਾਲ ਬੱਚਿਆਂ ਦੀਆਂ ਆਦਤਾਂ ਵਿਗੜ ਜਾਂਦੀਆਂ ਹਨ ਅਤੇ ਸਿਹਤ ਖਰਾਬ ਹੁੰਦੀ ਹੈ। ਐਸੇ ਸਮੇਂ ਆਪਣੇ ਬਜ਼ੁਰਗਾਂ ਵੱਲੋਂ ਬੱਚਿਆਂ ਨੂੰ ਪਾਈਆਂ ਜਾ ਰਹੀਆਂ ਮਾੜੀਆਂ ਆਦਤਾਂ ਤੋਂ ਬੱਚਿਆਂ ਨੂੰ ਕਿਵੇਂ ਬਚਾ ਸਕੋ ਗੇ? ਕਿਉਂਕਿ, ਬਜ਼ੁਰਗ ਸਤਿਕਾਰ ਯੋਗ ਹਨ ਅਤੇ ਬੱਚਿਆਂ ਦਾ ਜੀਵਨ ਵੀ ਖਰਾਬ ਹੋ ਰਿਹਾ ਹੈ। ਸੋਚੋ!



ਵਿਆਹ ਕਰਵਾਉਣ ਤੋਂ ਪਹਿਲਾਂ ਇਹ ਵੀ ਤੈਅ ਕਰ ਲਓ ਕਿ ਬੱਚੇ ਹੋਣ ਉਪਰੰਤ, ਕੀ ਅਸੀਂ ਬੱਚਿਆਂ ਨੂੰ ਪ੍ਰੇਮ ਪੂਰਵਕ ਲਾਡ ਨਾਲ ਪਾਲਣਾ ਹੈ, ਰੋਕਣਾ-ਟੋਕਣਾ ਨਹੀਂ; ਜਾਂ ਉਹਨਾਂ ਨੂੰ ਸਖਤੀ ਨਾਲ ਪਾਲਣ ਪੋਸ਼ਣ ਕਰਕੇ, ਜੀਵਨ ਜਾਚ ਸਿਖਾਉਣੀ ਹੈ? ਕਿਉਂ ਕਿ, ਇਸ ਗੱਲ ਉੱਤੇ ਕਈ ਵਾਰ ਪਤੀ, ਪਤਨੀ ਵਿੱਚ ਝਗੜੇ ਹੁੰਦੇ ਹਨ। ਕੁਝ ਸਖਤੀ ਕੀਤੇ ਬਿਨਾਂ ਚੰਗੀ

ਜੀਵਨ ਜਾਚ ਨਹੀਂ ਆ ਸਕਦੀ। ਕਈ ਵਾਰ, ਮਾਤਾ ਦਾ ਲਾਡ ਬਹੁਤ ਜਿਆਦਾ ਹੁੰਦਾ ਹੈ ਅਤੇ ਪਿਤਾ ਸਖਤੀ ਕਰਦਾ ਹੈ। ਕਈ ਵਾਰ ਮਾਤਾ, ਲਾਡ ਨਾਲ ਬੱਚਿਆਂ ਉੱਤੇ ਇੰਨਾਂ ਹੱਕ ਜਮਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਪਿਤਾ ਆਪਣੇ ਬੱਚਿਆਂ ਨੂੰ ਪਿਆਰ ਵੀ ਨਹੀਂ ਕਰ ਸਕਦਾ ਅਤੇ ਦੰਡ ਵੀ ਨਹੀਂ ਦੇ ਸਕਦਾ। ਇਹਨਾਂ ਗੱਲਾਂ ਨੂੰ ਵਿਆਹ ਤੋਂ ਪਹਿਲਾਂ ਧਿਆਨ ਵਿੱਚ ਰੱਖੋ।

ਅਣ-ਵਿਆਹੀ ਦੰਪਤੀ ਦੇ ਬੱਚਿਆਂ ਨੂੰ ਜਾਂ ਤਲਾਕਸ਼ੁਦਾ ਦੰਪਤੀ ਦੇ ਬੱਚਿਆਂ ਨੂੰ, ਜਦੋਂ ਇਕੱਲੇ ਪਿਤਾ ਜਾਂ ਇਕੱਲੀ ਮਾਤਾ ਨੂੰ ਪਾਲਣਾ ਪੈਂਦਾ ਹੈ ਤਾਂ, ਉਸ ਇਕੱਲੇ ਪਾਲਕ ਨੂੰ ਕਮਾਈ ਵੀ ਕਰਨੀ ਹੁੰਦੀ ਹੈ ਅਤੇ ਬੱਚਿਆਂ ਨੂੰ ਵੀ ਸੰਭਾਲਣਾ ਪੈਂਦਾ ਹੈ। ਅਜਿਹੇ ਸਮੇਂ ਬਹੁਤ ਵੱਡੀਆਂ ਸਮੱਸਿਆਵਾਂ ਆਉਂਦੀਆਂ ਹਨ। ਬੱਚਿਆਂ ਦੀ ਪਰਵਰਿਸ਼ ਸਹੀ ਨਹੀਂ ਹੋ ਪਾਉਂਦੀ। ਬੱਚੇ ਨੂੰ ਜੋ ਲਾਡ ਪਿਆਰ, ਸੰਸਕਾਰ, ਸ਼ਿਕਸ਼ਾ ਅਤੇ ਸੰਤੁਸ਼ਟੀ ਮਾਤਾ ਪਿਤਾ ਦੋਵਾਂ ਤੋਂ ਮਿਲਣੀ ਹੁੰਦੀ ਹੈ; ਉਹ ਵੀ ਨਹੀਂ ਮਿਲ ਪਾਉਂਦੀ।

# ਤਲਾਕ ਤੱਕ ਨੌਬਤ ਪਹੁੰਚਣ ਦਾ ਕਾਰਨ ਕੀ ਹੈ?

ਵਿਆਹ ਤੋਂ ਪਹਿਲੋਂ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਵਿਆਹ ਦਾ ਅਰਥ ਹੀ ਨਹੀਂ ਦੱਸਦੇ ਕਿ ਵਿਆਹ ਕੀ ਚੀਜ਼ ਹੈ। ਬਹੁਤ ਪੜ੍ਹੇ ਲਿਖੇ, ਡਿਗਰੀ-ਧਾਰਕ (phd. ਆਦਿ) ਮਨੁੱਖ ਵੀ, ਵਿਆਹ ਕਰਾਉਣ ਤੋਂ ਪਹਿਲੋਂ ਇਹ ਨਹੀਂ ਸਮਝਦੇ ਕਿ ਵਿਆਹ ਪ੍ਰੇਮ ਨਹੀਂ ਹੈ, ਵਿਆਹ ਤਾਂ ਇੱਕ ਭਾਈ ਵਾਲੀ ਹੈ। ਗਰੀਬ ਅਮੀਰ ਦੀ ਸ਼ਾਦੀ, ਸੰਸਕਾਰਾਂ ਅਤੇ ਸੁਭਾਵ ਦੇ ਅੰਤਰ ਕਰਕੇ ਨਿਭਣੀ ਔਖੀ ਹੁੰਦੀ ਹੈ। ਕਿਉਂਕਿ, ਅਮੀਰ ਸਹੁਰੇ ਪਰਿਵਾਰ ਨੇ ਗਰੀਬ ਘਰ ਤੋਂ ਲਿਆਂਦੀ ਕੁੜੀ ਨੂੰ ਆਪਣੇ ਤੋਂ ਨੀਵਾਂ ਸਮਝ ਕੇ ਤਾਹਨੇ ਮਿਹਣੇ ਦੇਣੇ ਹੁੰਦੇ ਹਨ। ਜਿਸ ਕਾਰਨ ਨਰਾਜਗੀਆਂ ਵਧਦੀਆਂ ਹਨ।

ਤਲਾਕ ਤੱਕ ਨੌਬਤ ਪਹੁੰਚਣ ਦੇ ਵੱਡੇ ਕਾਰਨ ਹਨ: ਹੰਕਾਰ, ਕੌੜਾ ਬੋਲਣਾ, ਬਿਨਾਂ ਮਤਲਬ ਸ਼ੱਕ ਕਰਨਾ, ਬੇਲੋੜੀ ਨੋਕਾ ਟੋਕੀ ਕਰਨੀ, ਆਪਣਾ ਹੁਕਮ ਚਲਾਉਣਾ, ਸਹਿਮਤ ਨਾ ਹੋਣਾ, ਅਯੋਗ ਹਠ ਕਰਨਾ, ਆਪਣੇ ਆਪ ਨੂੰ ਠੀਕ ਪਰ ਦੂਜੇ ਨੂੰ ਸਦਾ ਗਲਤ ਸਮਝਣਾ, ਦੂਸਰੇ ਦੇ ਔਗੁਣ ਵੇਖਣੇ ਅਤੇ ਕੱਢਣੇ,

ਤਾਹਨੇ ਮਿਹਣੇ ਦੇਣੇ, ਆਪਣੇ ਜੀਵਨ ਸਾਥੀ ਨੂੰ ਸਤਿਕਾਰ ਨਾ ਦੇਣਾ, ਉਸ ਦਾ ਸੁਭਾਅ ਨਾ ਸਮਝਣਾ, ਉਸ ਦੀਆਂ ਲੋੜਾਂ ਨਾ ਸਮਝਣੀਆਂ ਅਤੇ ਨਾ ਹੀ ਪੂਰੀਆਂ ਕਰਨੀਆਂ, ਆਪਣੀ ਲੋੜ ਨੂੰ ਪਹਿਲ ਦੇਣੀ, ਆਦਿ।

# ਤਲਾਕ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਵਿਚਾਰੋ:-



ਵਿਆਹ ਕਰਵਾਉਣ ਤੋਂ ਪਹਿਲੋਂ ਸੋਚੋ ਕਿ ਜਦੋਂ ਆਪਸੀ ਨਰਾਜਗੀਆਂ ਹੋ ਕੇ ਤਲਾਕ ਵਾਲੇ ਪਾਸੇ ਨੂੰ ਤੁਰੋ ਗੇ, ਕਚਹਿਰੀਆਂ ਵਿੱਚ ਜਾਓ ਗੇ, ਮੁਕੱਦਮੇਬਾਜੀ ਹੋਵੇ ਗੀ ਤਾਂ, ਉਦੋਂ ਸਿਰਫ ਤੁਹਾਡੀ ਨੀਂਦ ਨਹੀਂ ਉੱਡੇ ਗੀ। ਤੁਹਾਡੇ ਦੋਵਾਂ ਜੀਵਨ ਸਾਥੀਆਂ ਦੇ ਮਾਤਾ ਪਿਤਾ ਦੀ ਅਤੇ ਰਿਸ਼ਤੇਦਾਰਾਂ ਦੀ ਨੀਂਦ ਵੀ ਉੱਡੇ ਗੀ। ਦੋਵੇਂ ਪਰਿਵਾਰ ਉੱਜੜ ਜਾਣ ਗੇ। ਅਤੇ,ਪਤਾ ਨਹੀਂ ਫਿਰ ਵੀ ਤਲਾਕ ਹੋਣਾ ਹੈ, ਕਿ ਨਹੀਂ ਹੋਣਾ। ਉਸ ਤੋਂ ਅਗਲੀ ਅਤਿਅੰਤ

ਜਰੂਰੀ ਸਮਝਣ ਵਾਲੀ ਗੱਲ ਇਹ ਹੈ ਕਿ ਪਤੀ ਪਤਨੀ ਦੀ ਲੜਾਈ ਸਮੇਂ, ਤਲਾਕ ਦੀ ਮੁਕੱਦਮੇਬਾਜ਼ੀ ਸਮੇਂ; ਚਲਾਕ ਲੋਕ, ਮਾਤਾ ਪਿਤਾ ਉੱਤੇ ਵੀ ਮੁਕੱਦਮੇ ਕਰ ਦਿੰਦੇ ਹਨ। ਤਾਂ ਕਿ, ਦੂਜੀ ਧਿਰ ਨੂੰ ਝੁਕਾਇਆ ਜਾ ਸਕੇ। ਆਪਣੀਆਂ ਸ਼ਰਤਾਂ ਮਨਾਈਆਂ ਜਾ ਸਕਣ। ਤਲਾਕ ਦੇ ਮੁਕੱਦਮੇ ਬਹੁਤ ਸਾਲਾਂ ਤੱਕ ਚੱਲਦੇ ਰਹਿੰਦੇ ਹਨ। ਅਮੋਲਕ ਸਮਾਂ (ਜਿਸ ਦਾ ਇੱਕ ਸਕਿੰਟ ਗਿਆ ਵੀ ਵਾਪਿਸ ਨਹੀਂ ਆ ਜਾਂਦਾ); ਉਹ ਸਾਲਾਂ ਬੱਧੀ ਹੀ ਤਲਾਕ ਦੇ ਮੁਕੱਦਮਿਆਂ ਉੱਤੇ ਲੱਗ ਜਾਂਦਾ ਹੈ। ਉਹਨਾਂ ਉੱਪਰ ਬਹੁਤ ਖਰਚੇ ਹੋ ਜਾਂਦੇ ਹਨ। ਅੰਤ ਵਿੱਚ ਕੋਈ ਪ੍ਰਾਪਤੀ ਹੋਣੀ ਹੈ, ਕਿ ਨਹੀਂ; ਇਹ ਵੀ ਕੋਈ ਪਤਾ ਨਹੀਂ ਹੁੰਦਾ। ਪ੍ਰੰਤੂ, ਦੋਵਾਂ ਪਰਿਵਾਰਾਂ ਦਾ ਜੀਵਨ ਉੱਜੜ ਜਰੂਰ ਜਾਂਦਾ ਹੈ। ਵਿਆਹ ਕਰਵਾਉਣ ਤੋਂ ਪਹਿਲੋਂ ਅਤੇ ਤਲਾਕ ਦੀ ਲੜਾਈ ਵਿੱਢਣ ਤੋਂ ਪਹਿਲੋਂ, ਇਹ ਸੋਚੋ ਕਿ ਐਸੇ ਹਾਲਾਤ ਵੀ ਬਣ ਸਕਦੇ ਹਨ।

ਤਲਾਕ ਹੋਣ 'ਤੇ ਬੱਚਿਆਂ ਦਾ ਬਟਵਾਰਾ ਕਰਨਾ ਬਹੁਤ ਔਖਾ ਹੋ ਜਾਂਦਾ ਹੈ। ਜਦੋਂ ਵਿਆਹੀ ਦੰਪਤੀ ਦਾ ਤਲਾਕ ਹੋ ਜਾਂਦਾ ਹੈ; ਤਾਂ ਤਲਾਕ ਤੋਂ ਉਪਰੰਤ ਬੱਚੇ ਰੁਲ ਜਾਂਦੇ ਹਨ। ਕਈ ਪ੍ਰਕਾਰ ਦੀਆਂ ਕਠਿਨਾਈਆਂ ਹੋਣ ਕਰ ਕੇ, ਉਹਨਾਂ ਦੀ ਪਰਵਰਿਸ਼ ਵੀ ਸਹੀ

ਨਹੀਂ ਹੁੰਦੀ। ਤਲਾਕ ਹੋਣ ਤੋਂ ਪਹਿਲੋਂ ਜਦੋਂ ਮਾਤਾ ਪਿਤਾ ਵਿੱਚ ਝਗੜੇ ਹੁੰਦੇ ਹਨ, ਉਹਨਾਂ ਝਗੜਿਆਂ ਨੂੰ ਲੈ ਕੇ ਬੱਚਿਆਂ ਦੇ ਮਨ ਉੱਤੇ ਬਹੁਤ ਡੂੰਘਾ ਮਾੜਾ ਪ੍ਰਭਾਵ ਪੈਂਦਾ ਹੈ। ਮਾਤਾ ਪਿਤਾ ਦੇ ਵੱਖਰੇ ਹੋ ਜਾਣ ਕਰ ਕੇ, ਛੋਟੇ ਬੱਚਿਆਂ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਧਰਤੀ ਉਲਟ ਗਈ ਹੈ, ਮਾਨਸਿਕ ਰੂਪ ਵਿੱਚ ਉਹਨਾਂ ਨੂੰ ਬਹੁਤ ਵੱਡੇ ਝਟਕੇ ਲੱਗਦੇ ਹਨ। ਜੋ ਮਾੜਾ ਪ੍ਰਭਾਵ ਸਾਰੀ ਉਮਰ ਹੀ ਨਹੀਂ ਜਾਂਦਾ। ਉਸ ਪ੍ਰਭਾਵ ਨੂੰ ਬੱਚੇ ਆਪਣੇ ਸ਼ਬਦਾਂ ਵਿੱਚ ਵਖਿਆਨ ਨਹੀਂ ਕਰ ਸਕਦੇ।

ਇਕੱਲੇ ਇਕੱਲੇ ਮਾਤਾ ਜਾਂ ਪਿਤਾ ਨੂੰ, ਕਮਾਈ ਕਰਦਿਆਂ, ਬੱਚਿਆਂ ਵਾਸਤੇ ਸਮਾਂ ਕੱਢਣਾ ਅਤਿਅੰਤ ਔਖਾ ਹੁੰਦਾ ਹੈ। ਵਿਸ਼ੇਸ਼ ਰੂਪ ਵਿੱਚ ਪੁਰਸ਼ਾਂ ਨੂੰ, ਬੱਚੇ ਸੰਭਾਲਣ ਦੀ ਜਾਚ ਹੀ ਨਹੀਂ ਹੁੰਦੀ। ਉਸ ਸਮੇਂ ਹੋਰ ਵੀ ਬਹੁਤ ਵੱਡੀਆਂ ਸਮੱਸਿਆਵਾਂ ਆ ਜਾਂਦੀਆਂ ਹਨ। ਇਸ ਕਰ ਕੇ, ਜੇ ਬੱਚੇ ਬਣਾਉਣੇ ਹਨ ਤਾਂ ਇਹ ਪੱਕਾ ਕਰ ਲਓ ਕਿ ਅਸੀਂ ਜੀਵਨ ਭਰ ਇਕੱਠੇ ਰਹਿਣਾ ਹੈ। ਭਾਵੇਂ ਕੈਸੇ ਵੀ ਹਾਲਾਤ ਬਣਨ: ਅਸੀਂ ਵੱਖਰੇ ਨਹੀਂ ਹੋਣਾ। ਆਪਸੀ ਨਰਾਜਗੀ ਹੋਣ ਕਾਰਣ, ਜੇ ਕਿਸੇ ਕਾਰਨ ਵੱਖ ਹੋਣਾ ਹੀ ਪਵੇ ਤਾਂ: ਪਹਿਲਾਂ ਤੈਅ ਕਰ ਲਓ ਕਿ ਸੁਖੀ ਸਾਂਦੀ ਪੰਚਾਇਤੀ ਰੂਪ ਵਿੱਚ ਵੱਖ ਹੋ

ਜਾਣਾ ਹੈ, ਜਾਂ ਪੁਲਿਸ ਅਤੇ ਵਕੀਲਾਂ ਰਾਹੀਂ ਕਈ ਸਾਲ ਮੁਕੱਦਮੇ ਲੜਦਿਆਂ; ਉੱਜੜਣਾ ਹੈ? ਕਚਹਿਰੀਆਂ ਦੇ ਧੱਕੇ ਖਾਂਦਿਆਂ, ਕਲਪਦਿਆਂ ਹੋਇਆਂ; ਆਪਣਾ ਅਤੇ ਬੱਚਿਆਂ ਦਾ ਸਾਰਾ ਜੀਵਨ ਬਰਬਾਦ ਕਰ ਦੇਣਾ ਹੈ, ਜਾਂ ਵਿਵੇਕ ਬੁੱਧੀ ਤੋਂ ਕੰਮ ਲੈਂਦਿਆਂ ਹੋਇਆਂ, ਪੰਚਾਇਤੀ ਰੂਪ ਵਿੱਚ ਵੱਖ ਹੋ ਕੇ, ਸੁਖੀ ਜੀਵਨ ਜਿਉਣਾ ਹੈ? ਨਹੀਂ ਤਾਂ, ਕਚਹਿਰੀ ਵਿੱਚ ਕਿੰਨੇ ਪੈਸੇ ਖਰਚਣੇ ਹਨ? ਅਤੇ ਕਿੰਨੇ ਸਾਲ ਧੱਕੇ ਖਾਣੇ ਹਨ? ਤੁਸੀਂ ਆਪਣੀ ਜਾਇਦਾਦ ਦੀ ਵੰਡ ਕਿਵੇਂ ਕਰਨੀ ਹੈ? ਬੱਚਿਆਂ ਦੀ ਵੰਡ ਕਿਵੇਂ ਕਰਨੀ ਹੈ? ਬੱਚਿਆਂ ਨੂੰ ਕਿਸ ਨੇ ਸੰਭਾਲਣਾ ਹੈ? ਇਹ ਸਾਰੀਆਂ ਗੱਲਾਂ ਵੀ ਪਹਿਲੋਂ ਤੈਅ ਕਰ ਲਵੋ। ਨਾ ਚਾਹੁੰਦਿਆਂ ਹੋਇਆਂ ਵੀ, ਕਈ ਵਾਰ ਜੀਵਨ ਵਿੱਚ ਐਸੇ ਹਾਲਾਤ ਬਣ ਜਾਂਦੇ ਹਨ ਕਿ ਵੱਖਰਿਆਂ ਹੋਣਾ ਹੀ ਪੈਂਦਾ ਹੈ। ਇਸ ਕਰ ਕੇ, ਤਲਾਕ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲੋਂ, ਉੱਪਰ ਲਿਖੀਆਂ ਗੱਲਾਂ ਵੀ ਪਹਿਲੋਂ ਹੀ ਤੈਅ ਕਰਨ ਦੀ ਲੋੜ ਹੈ।

ਜੇ ਕਿਸੇ ਕਾਰਨ ਮਜਬੂਰੀ ਵਿੱਚ ਵੱਖਰੇ ਹੋਣਾ ਹੈ ਜਾਂ ਤਲਾਕ ਲੈਣਾ ਹੈ, ਤਾਂ ਕਚਹਿਰੀ ਵਿੱਚ ਜਾ ਕੇ ਤਲਾਕ ਕਰਨ ਦੀ ਬਜਾਏ; ਆਪਸ ਵਿੱਚ ਮਿਲ ਬੈਠ ਕੇ ਲਿਖਤ-ਪੜ੍ਹਤ ਕਰ ਲਓ, ਜਾਂ

ਸੱਜਣ-ਮਿੱਤਰ, ਸੰਬੰਧੀਆਂ ਨੂੰ ਮਿਲਾ ਕੇ ਤਲਾਕ ਦੀ ਲਿਖਤ ਕਰ ਲਓ। ਇਹ ਤਰੀਕਾ ਬਹੁਤ ਸੌਖਾ ਅਤੇ ਸਸਤਾ



ਹੈ। ਇਸ ਨਾਲ ਤੁਹਾਡਾ ਜੀਵਨ ਸੁਖੀ ਹੋ ਸਕਦਾ ਹੈ। ਜਿਹੜਾ ਕਚਹਿਰੀਆਂ ਵਿੱਚ ਧੱਕੇ ਖਾਣ ਉੱਤੇ ਤੁਹਾਡਾ ਸਮਾਂ ਲੱਗਣਾ ਸੀ, ਉਹ ਵੀ ਬਚ ਜਾਏਗਾ ਕਚਹਿਰੀਆਂ ਵਿੱਚ, ਵਕੀਲਾਂ ਕੋਲ ਜਾਣ ਵਾਲੇ ਸਾਰੇ ਪੈਸੇ ਬਚ ਜਾਣਗੇ। ਤੁਹਾਡਾ ਆਪਸ ਵਿੱਚ ਬੈਠ ਕੇ ਸਕੇ ਸੰਬੰਧੀਆਂ, ਮਿੱਤਰਾਂ ਨਾਲ ਮਿਲ ਕੇ ਇੱਕ ਦਿਨ ਵਿੱਚ ਜਿਹੜਾ ਕੰਮ ਹੋ ਜਾਣਾ ਹੈ; ਕਚਹਿਰੀ ਵਿੱਚ ਕਈ ਸਾਲਾਂ ਵਿੱਚ ਵੀ ਉਹ ਕੰਮ ਨਹੀਂ ਮੁੱਕਦਾ। ਇਸ ਕਰਕੇ, ਤਲਾਕ ਨੂੰ ਲੈ ਕੇ ਕਚਹਿਰੀਆਂ ਦੇ ਧੱਕੇ ਖਾਣ ਦੀ ਬਜਾਏ; ਪਰਿਵਾਰਾਂ, ਸੰਬੰਧੀਆਂ ਵਿੱਚ ਬੈਠ ਕੇ ਗੱਲ ਮੁਕਾਉਣ ਦੀ ਕੋਸ਼ਿਸ਼ ਕਰੋ। ਪਤੀ ਪਤਨੀ ਦੇ ਸੰਬੰਧ ਨੂੰ ਭਾਰਤੀ ਸੰਸਕ੍ਰਿਤੀ ਵਿੱਚ 'ਅਰਧਾਂਗਨੀ' ਅਤੇ 'ਧਰਮ ਪਤਨੀ' ਜੈਸੇ

ਵਧੀਆ ਸ਼ਬਦਾਂ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਦੋਵਾਂ ਵਾਸਤੇ ਸਨਮਾਨ, ਸਨੇਹ ਅਤੇ ਕਰਤੱਵ ਪਾਲਨ ਦਰਸਾਉਂਦੇ ਹਨ। ਭਾਰਤੀ ਸੰਸਕ੍ਰਿਤੀ ਵਿੱਚ ਇਸ ਸੰਬੰਧ ਨੂੰ ਤੋੜਨ ਦਾ ਕੋਈ ਪ੍ਰਾਵਧਾਨ ਹੀ ਨਹੀਂ ਹੈਗਾ। ਇਸੇ ਕਰ ਕੇ, ਭਾਰਤੀ ਸਭਿਅਤਾ ਵਿੱਚ ਤਾਂ 'ਤਲਾਕ' ਨਾਮ ਦਾ ਸ਼ਬਦ ਹੈ ਹੀ ਨਹੀਂ। ਅਤੇ, 'ਤਲਾਕ' ਜਾਂ 'ਡਾਈਵੋਰਸ' ਦਾ ਪਰਿਆਇਵਾਚੀ ਕੋਈ ਸ਼ਬਦ ਵੀ, ਭਾਰਤੀ ਭਾਸ਼ਾਵਾਂ ਵਿੱਚ ਨਹੀਂ ਹੈ। ਤਲਾਕ ਸ਼ਬਦ ਤਾਂ ਬਾਹਰੋਂ ਆਇਆ ਹੈ, ਕੁਛ ਅਰਬ ਦੇਸ਼ਾਂ ਤੋਂ 'ਤਲਾਕ' ਸ਼ਬਦ ਆ ਗਿਆ ਅਤੇ ਹੁਣ ਜੋ ਤਲਾਕ ਦੇ ਰੀਤੀ ਰਿਵਾਜ ਆਏ ਹਨ: ਇਹ ਤਾਂ ਯੂਰਪ ਤੋਂ ਆਏ ਹਨ। ਇਸ ਕਰ ਕੇ, ਵਧੀਆ ਗੱਲ ਤਾਂ ਇਹ ਹੈ ਕਿ ਵਿਆਹ ਤੋਂ ਪਹਿਲੋਂ ਹੀ ਦ੍ਰਿੜ ਕਰੋ ਕਿ ਵਿਆਹ ਤੋਂ ਬਾਅਦ ਤਲਾਕ ਨਹੀਂ ਹੋਣਾ ਚਾਹੀਦਾ।

ਭਾਰਤੀ ਸੰਸਕ੍ਰਿਤੀ ਵਾਲਿਆਂ ਨੂੰ ਇਤਨੀ ਵਧੀਆ ਜੀਵਨ-ਜਾਚ ਹੋਣੀ ਚਾਹੀਦੀ ਹੈ ਕਿ ਉਹ ਦੋਵੇਂ ਜੀਅ; ਪ੍ਰੇਮ ਪੂਰਵਕ ਪ੍ਰਸੰਨ ਰਹਿੰਦੇ ਹੋਏ, ਆਪਸ ਵਿੱਚ ਇਕੱਠੇ ਰਹਿ ਕੇ, ਪੂਰਾ ਜੀਵਨ ਬਤੀਤ ਕਰ ਸਕਣ। ਯੁਵਕਾਂ ਨੂੰ ਅਜਿਹੀ ਸਿੱਖਿਆ: ਮਾਤਾ-ਪਿਤਾ ਕੋਲੋਂ, ਮਹਾ ਵਿਦਿਆਲਾ ਅਤੇ ਵਿਸ਼ਵ ਵਿਦਿਆਲਾ ਵਿੱਚੋਂ ਜਰੂਰ

ਮਿਲਣੀ ਚਾਹੀਦੀ ਹੈ। ਐਸਾ ਸੁਖੀ ਜੀਵਨ ਜਿਉਣ ਵਾਸਤੇ, ਪਤੀ ਪਤਨੀ ਦੋਵਾਂ ਨੂੰ ਵਿਚਾਰਵਾਨ ਬਣ ਕੇ ਵਿਵੇਕ ਬੁੱਧੀ ਧਾਰਨ ਦੀ ਲੋੜ ਹੈ। ਜਿਸ ਵਾਸਤੇ ਗੁਰੂ ਜੀ ਨੇ ਬਾਣੀ ਵਿੱਚ ਲਿਖਿਆ ਹੈ "**ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ**" (ਪੰਨਾ 1413)। ਅਰਥਾਤ: ਜਿਹੜੇ ਲੋਕ ਬਿਬੇਕ ਬੁੱਧੀ ਦੀ ਵਰਤੋਂ ਕਰਦੇ ਹਨ; ਉਹ ਸਦਾ ਅਨੰਦ ਵਿੱਚ ਰਹਿੰਦੇ ਹਨ। ਗੁਰੂ ਜੀ ਦਾ ਆਦੇਸ਼ ਮੰਨਦੇ ਹੋਏ ਜੀਵਨ ਸੁਖੀ ਚਲਾਉਣ ਵਾਸਤੇ, ਬਿਬੇਕ ਬੁੱਧੀ ਧਾਰਨ ਕਰਨ ਦੀ ਲੋੜ ਹੈ ਅਤੇ ਵਿਚਾਰਵਾਨ ਬਣਨ ਦੀ ਲੋੜ ਹੈ। ਜੇ ਦੋਵੇਂ ਜੀਅ ਉਮਰ ਭਰ ਪ੍ਰੇਮ ਪੂਰਵਕ, ਪ੍ਰਸੰਨ ਰਹਿੰਦੇ ਹੋਏ, ਜੀਵਨ ਬਤੀਤ ਕਰ ਸਕੋ; ਤਾਂ ਉਹ ਹੀ ਅਸਲੀ ਸ਼ਾਦੀ ਜਾਂ ਅਸਲੀ ਵਿਆਹ ਹੋਵੇਗਾ।



## ਪੁਸਤਕ ਦਾ ਤੱਤ:-

ਦੁੱਖ ਦੀ ਗੱਲ ਹੈ ਕਿ ਵਿਵਾਹਿਤ ਜੀਵਨ ਨੂੰ ਸੁਖ ਪੂਰਵਕ ਬਤੀਤ ਕਰਨ ਦੀ ਕਲਾ, ਸਾਨੂੰ ਕੋਈ ਵਿਦਿਆਲਾ, ਮਹਾ ਵਿਦਿਆਲਾ ਜਾਂ ਵਿਸ਼ਵ ਵਿਦਿਆਲਾ ਨਹੀਂ ਸਿਖਾਉਂਦਾ। ਇਥੋਂ ਤੱਕ ਕਿ ਬਹੁਤੀ ਵਾਰੀ ਤਾਂ ਸਾਡੇ ਮਾਤਾ ਪਿਤਾ ਵੀ ਨਹੀਂ ਸਿਖਾਉਂਦੇ। ਲੜਕੀ ਨੂੰ ਥੋੜੀ ਬਹੁਤੀ ਸਿੱਖਿਆ ਮਾਪੇ ਦੇ ਦਿੰਦੇ ਹਨ। ਪਰੰਤੂ, ਲੜਕੇ ਬਾਰੇ ਮਾਪਿਆਂ ਦੀ ਸੋਚ ਐਸੀ ਹੁੰਦੀ ਹੈ "ਪੁੱਤਰ ਤਾਂ ਰਾਜਾ ਬੇਟਾ ਹੈ। ਪੁੱਤਰ ਨੂੰ ਤਾਂ ਸ਼ੁਭ ਸਿੱਖਿਆ ਦੀ ਲੋੜ ਹੁੰਦੀ ਹੀ ਨਹੀਂ"। ਇਸ ਕਰਕੇ, ਤੁਸੀਂ ਪੜ੍ਹੇ ਲਿਖੇ ਯੁਵਕ: ਆਪ ਇਹਨਾਂ ਗੱਲਾਂ ਉੱਤੇ ਵਿਚਾਰ ਕਰ ਕੇ, ਅਭਿਆਸ ਕਰ ਕੇ, ਕੁਝ ਇੰਟਰਨੈਟ ਤੋਂ ਪੜ੍ਹ ਕੇ, ਦੂਸਰਿਆਂ ਤੋਂ ਸੁਣ ਕੇ, ਦੂਸਰਿਆਂ ਦੇ ਸੁਖੀ ਜੀਵਨ ਅਤੇ ਦੁਖੀ ਜੀਵਨ ਨੂੰ ਦੇਖ ਕੇ; ਉਸ ਦਾ ਵਿਸ਼ਲੇਸ਼ਣ ਕਰਕੇ, ਫਿਰ ਨਿਸ਼ਕਰਸ਼ ਕੱਢ ਕੇ: ਆਪਣਾ ਸੁਖੀ ਜੀਵਨ ਜਿਉਣ ਦੀ ਜਾਚ ਸਿੱਖੇ। ਕਿਸੇ ਨਾਲ ਇੱਕੋ ਕਮਰੇ ਵਿੱਚ ਲੰਬਾ ਸਮਾਂ ਇਕੱਠੇ ਰਹਿੰਦਿਆਂ; ਪ੍ਰਸੰਨ ਅਤੇ ਸੁਖੀ ਜੀਵਨ ਜਿਉਣ ਦਾ ਅਭਿਆਸ ਕਰੇ। ਸੁਖੀ ਜੀਵਨ ਜਿਉਣ ਦਾ ਅਭਿਆਸ ਕਰਨ ਤੋਂ ਮੇਰਾ ਮਤਲਬ ਇਹ ਨਹੀਂ

ਕਿ ਲੜਕਾ, ਲੜਕੀ ਵਿਆਹ ਤੋਂ ਪਹਿਲੋਂ ਹੀ ਸਾਲਾਂ ਬੱਧੀ ਆਪਸ ਵਿੱਚ ਇਕੱਠੇ ਰਹਿ ਕੇ ('ਲਿਵ ਇਨ ਰਿਲੇਸ਼ਨਸ਼ਿਪ' ਵਿੱਚ) ਅਭਿਆਸ ਕਰਨ। ਅਭਿਆਸ ਕਰਨ ਦਾ ਮਤਲਬ ਹੈ ਕਿ ਆਪਣੇ ਮਿੱਤਰਾਂ ਨਾਲ ਜਾਂ ਆਪਣੇ ਪਰਿਵਾਰ ਵਿੱਚ ਹੀ ਬਹੁਤ ਸਾਰੇ ਅਭਿਆਸ; ਇਕੱਠੇ ਰਹਿਣ ਦੇ, ਆਪਾਂ ਕਰ ਸਕਦੇ ਹਾਂ। ਜਿਸ ਤੋਂ ਸਾਨੂੰ ਇਹ ਜਾਚ ਆ ਜਾਵੇਗੀ ਕਿ ਅਸੀਂ ਆਪਣੇ ਜੀਵਨ ਸਾਥੀ ਨਾਲ ਕਿਵੇਂ ਸੁਖੀ ਰਹਿਣਾ ਹੈ।

**ਯੁਵਾ ਪੀੜੀ ਦੇ ਬੱਚੇ ਅਤੇ ਵਿਆਹ ਕਰਵਾਉਣ ਦੇ ਇੱਛਕ ਬੱਚੇ: ਮੇਰੀ ਇਸ ਪੁਸਤਕ ਨੂੰ ਕਈ ਵਾਰੀ ਪੜ੍ਹੋ ਅਤੇ ਕਈ ਵਾਰੀ ਆਪਾ ਪੜਚੋਲੋ। ਆਪਣੇ ਆਪ ਨੂੰ ਪਰਖੋ। "ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ" (ਮ. ੩)। ਭਾਵ: ਤਰਕਸ਼ੀਲ ਸੋਚ ਨਾਲ ਹੀ, ਜੀਵਨ ਰੂਪੀ ਰਾਤ: ਸੁਖ ਪੂਰਵਕ ਬਤੀਤ ਹੋ ਸਕਦੀ ਹੈ। ਵਿਆਹ ਕਰਵਾਉਣ ਤੋਂ ਪਹਿਲੋਂ ਸੋਚੋ: ਕੀ ਮੈਂ ਆਪਣੇ ਜੀਵਨ ਸਾਥੀ ਨਾਲ ਖੁਸ਼ ਰਹਿਣ ਵਾਲੇ ਸਾਰੇ ਕੰਮ, ਜੀਵਨ ਭਰ ਕਰ ਸਕਾਂ ਗਾ ਜਾਂ ਕਰ ਸਕਾਂ ਗੀ?**

**ਸੱਜਣੋਂ! ਵਿਆਹ ਕਰਵਾ ਕੇ ਜੀਵਨ ਨੂੰ ਸਵਰਗ ਬਣਾਉਣਾ ਹੈ: ਤਲਾਕਾਂ ਦੇ ਮੁਕੱਦਮੇ ਲੜਦਿਆਂ ਹੋਇਆਂ ਨਰਕ ਨਹੀਂ ਬਣਾਉਣਾ।**

**"ਅਬਿਬੇਕ ਅਉਰ ਬਿਬੇਕ ਕੋ: ਨ ਬਿਬੇਕ ਬੈਠ ਬਿਚਾਰ ਹੈਂ"** (ਪਾ. ੧੦)।

ਜੇ ਪਾਠਕਾਂ ਨੂੰ ਇਹ ਪੁਸਤਕ ਚੰਗੀ ਲੱਗੇ; ਤਾਂ ਪਾਠਕ ਸਮਝ ਲੈਣ ਕਿ ਇਹ ਪੁਸਤਕ ਮੇਰੇ ਗੁਰੂ ਜੀ ਨੇ ਲਿਖਵਾਈ ਹੈ; ਮੈਂ ਨਹੀਂ ਲਿਖੀ। ਪੁਸਤਕ ਵਿੱਚ ਲਿਖੇ ਵਿਸ਼ਿਆਂ ਸੰਬੰਧੀ ਨਿਰਸੰਕੋਚ ਹੋ ਕੇ ਆਪਣੇ ਵਿਚਾਰ ਦੱਸੋ ਜੀ।

**ਠਾਕੁਰ ਦਲੀਪ ਸਿੰਘ**

ੴ ਸਤਿਗੁਰ ਪ੍ਰਸਾਦਿ ॥

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ; ਧਨ ਪਿਰੁ ਕਹੀਐ ਸੋਇ ॥ (ਮ. ੩)



# ਹੱਸਦਾ ਰਸਦਾ ਸੁਖੀ ਪਰਿਵਾਰ ਬਣੋ!



Email: info@namdhari-sikhs.com
Website: www.namdhari-sikhs.com
Contact: +91 9650066108, +91 9023150008